ਜਾ ਕਉ ਹਰਿ ਰੰਗੁ ਲਾਗੋ ਇਸ ਜੁਗ ਮਹਿ ਸੋ ਕਹੀਅਤ ਹੈ ਸੂਰਾ ॥

ਮਾਸਕ ੴ ਪੱਤਰ

ਵਾਹਿਗੁਰੂ ਜੀ ਕੀ ਫ਼ਤਹ॥


# ਸੂਰਾ

ਪਟਿਆਲਾ

ਗੁ: ਸਾਹਿਬ ਨਾਨਕ ਮਤਾ (ਪੀਲੀ ਭੀਤ)

JUNE 1969

ਜੂਨ ੧੯੬੯



(ਇਥੇ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਕਈ ਕੌਤਕ ਕੀਤੇ)

www.AKJ.Org

# —੦ ਲੇਖ—ਸੂਚੀ ੦—


| ਨੰ. | ਲੇਖ | ਪੰਨਾ | ਲੇਖਕ |
|---|---|---|---|
| ੧ | ਮਿਤਰ ਕੌਣ ਹੈ ? | ੪ | ਸੰਪਾਦਕ |
| ੨ | ਐਡੀਟਰ ਦੀ ਡਾਕ | ੫ | ਸੰਪਾਦਕ |
| ੩ | ਗੁਰਮਤਿ ਨਾਮ ਦੇ ਚਮਤਕਾਰੇ | ੭ | ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ |
| ੪ | ਸ੍ਰੀ ਦਸਮੇਸ਼ ਜੀ ਦੇ ਬਣੇ | ੧੨ | ਭਾਈ ਗੁਰਚਰਨ ਸਿੰਘ ਜੀ ਐਮ. ਏ. |
| ੫ | ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦੇ ਅਸਲ ਕਾਰਨ ਕੀ ਸਨ। | ੧੪ | ਗਿਆਨੀ ਜਸਮੇਰ ਸਿੰਘ ਜੀ ਪਾਲ ਚੰਡੀਗੜ |
| ੬ | ਗੁਰ ਸਿਖ ਮੀਤ | ੨੨ | ਗਿ: ਦਲਜੀਤ ਸਿੰਘ ਜੀ ਕਮਲ ਨਾਸਿਕ |
| ੭ | ਖੇੜਾ | ੨੫ | ਪ੍ਰਿੰਸੀਪਲ ਮੇਹਰ ਸਿੰਘ ਜੀ ਡੇਹਰਾਦੂਨ |
| ੮ | ਅਨਮੋਲ ਰਤਨ | ੨੮ | ਸੰਗ੍ਰਹਿ ਕਰਤਾ ਭਾ: ਮਨਮੋਹਨ ਸਿੰਘ ਜੀ ਪਟਨਾ |
| ੯ | ਵਡਾ ਪੁਰਖ ਪ੍ਰਗਟਿਆ ਕਲਜੁਗ ਅੰਦਰ ਜੋਤ ਜਗਾਈ | ੩੦ | ਭਾ: ਜਗਜੀਤ ਸਿੰਘ ਜੀ ਦਰਦੀ ਪਟਿਆਲਾ |
| ੧੦ | ਹਉਮੈ ਦੀਰਘ ਰੋਗ ਹੈ | ੩੨ | ਭਾ: ਕਰਮ ਸਿੰਘ ਜੀ ਭੰਡਾਰੀ ਬਰਨਾਲਾ। |
| ੧੧ | ਸਿਖ ਧਰਮ ਤੇ ਛੂਤ ਛਾਤ | ੩੬ | ਭਾ: ਜਗਤਾਰ ਸਿੰਘ ਜੀ ਕੋਟਾ |
| ੧੨ | ਸਾਡੇ ਪ੍ਰਚਾਰਕ ਤੇ ਨਿਰਬਾਨ ਕੀਰਤਨੀਏ | ੩੯ | ਸ: ਮਨਜੀਤ ਸਿੰਘ ਜੀ ਰਾਵਤ ਭਾਟਾ ਕੋਟਾ |
| ੧੩ | ਅਰਦਾਸ ਸ਼ਕਤੀ | ੪੪ | ਲੇਟ ਸ੍ਰੀ ਡੀ. ਡੀ, ਆਈਜ਼ਨ ਹੋਵਰ |
| ੧੪ | ਸਿੰਘਾਂ ਨੂੰ ਅਪੀਲ | ੪੯ | ਇਕ ਪਾਠਕ ਵਲੋਂ |


## ਸਹਾਇਤਾ

ਗੁਰਮੁਖ ਪਿਆਰਿਆਂ ਵਲੋਂ ਸਹਾਇਤਾ "ਸੂਰਾ"

| | |
|---|---|
| (1) ਡਾ: ਰਣਜੀਤ ਸਿੰਘ ਜੀ ਅਰਨੇਜਾ ਗਾਂਧੀ ਨਗਰ ਦਿਲੀ—31 | 11-00 |
| (2) ਭਾ. ਦਰਸ਼ਨ ਸਿੰਘ ਜੀ ਪਟਿਆਲਾ | 40·60 |
| (3) ਸਾਧ ਸੰਗਤ ਰੇਸ ਕੋਰਸ ਦਿਲੀ ਮਾਰਫ਼ਤ ਸਾਰਜੰਟ ਗੁਰਨਾਮ ਸਿੰਘ ਦਿਲੀ | 89-00 |
| (4) ਮੋਹਨ ਸਿੰਘ ਬਾਰਾ ਮੂਲਾ ਕਸ਼ਮੀਰ | 2·00 |
| (5) ਇਕ ਗੁਰਮੁਖ ਪਿਆਰਾ ਰਾਹੀਂ ਕੁੰਦਨ ਸਿੰਘ ਜੀ ਮਾਡਲ ਟਾਊਨ ਪਟਿਆਲ | 2-50 |

## ਮਾਸਕ-ਪੱਤਰ "ਸੂਰਾ" ਦਾ ਸਾਲਾਨਾ ਚੰਦਾ

| | |
|---|---|
| ਦੇਸ਼ | 7 ਰੁਪਏ |
| ਪ੍ਰਦੇਸ਼ | 12 ਰੁਪਏ ਸਮੁੰਦਰੀ ਡਾਕ |
| ਪ੍ਰਦੇਸ਼ | 36 ਰੁਪਏ ਹਵਾਈ ਡਾਕ |

ਲਾਈਫ ਮੈਂਬਰ 150 ਰੁਪਏ

www.AKJ.Org

## ਜਾ ਕਉ ਹਰਿ ਰੰਗੁ ਲਾਗੋ ਇਸ ਜੁਗ ਮਹਿ ਸੋ ਕਹੀਅਤ ਹੈ ਸੂਰਾ ॥




# ਗੁਰਮਤਿ ਪ੍ਰਚਾਰਕ ਮਾਸਕ ਪੱਤਰ


'ਸੂਰਾ' ਪਟਿਆਲਾ ਵਿਦਿਆ ਵਿਭਾਗ ਪੰਜਾਬ ਵਲੋਂ ਕਾਲਜਾਂ, ਸਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਲਈ ਚਿਠੀ ਨੰ: 3/70-68-4-(ਅ.ਪ:) ਮਿਤੀ 17-10-68-ਨੂੰ ਪ੍ਰਵਾਨ ਕੀਤਾ ਗਿਆ ਹੈ ।

ਜਿਲਦ ਨੰ: ੪ ਜੇਠ—ਹਾੜ ੫੦੦ ਨਾਨਕ ਸ਼ਾਹੀ ਅੰਕ ਨੰ:


ਆਸਾੜੁ ਤਪੰਦਾ ਤਿਸੁ ਲਗੈ ਹਰਿ ਨਾਹੁ ਨ ਜਿੰਨਾ ਪਾਸਿ ॥
ਜਗਜੀਵਨ ਪੁਰਖੁ ਤਿਆਗਿ ਕੈ ਮਾਣਸ ਸੰਦੀ ਆਸ ॥
ਦੁਯੈ ਭਾਇ ਵਿਗੁਚੀਐ ਗਲਿ ਪਈਸੁ ਜਮ ਕੀ ਫਾਸ ॥
ਜੇਹਾ ਬੀਜੈ ਸੋ ਲੁਣੈ ਮਥੈ ਜੋ ਲਿਖਿਆਸੁ ॥
ਰੈਣਿ ਵਿਹਾਣੀ ਪਛੁਤਾਣੀ ਉਠਿ ਚਲੀ ਗਈ ਨਿਰਾਸ ॥
ਜਿਨ ਕੌ ਸਾਧੂ ਭੇਟੀਐ ਸੋ ਦਰਗਹ ਹੋਇ ਖਲਾਸੁ ॥
ਕਰਿ ਕਿਰਪਾ ਪ੍ਰਭ ਆਪਣੀ ਤੇਰੇ ਦਰਸਨ ਹੋਇ ਪਿਆਸ ॥
ਪ੍ਰਭ ਤੁਧੁ ਬਿਨੁ ਦੂਜਾ ਕੋ ਨਹੀ ਨਾਨਕ ਕੀ ਅਰਦਾਸਿ ॥
ਆਸਾੜੁ ਸੁਹੰਦਾ ਤਿਸੁ ਲਗੈ ਜਿਸੁ ਮਨਿ ਹਰਿ ਚਰਣ ਨਿਵਾਸ ॥

(ਬਾਰਹਮਾਹ ਮਾਝ ਮ: ੫ ਘਰੁ ੪)


ਮੁਖ ਸੰਪਾਦਕ : ਪਿਆਰਾ ਸਿੰਘ

ਜੂਨ ੧੯੬੯

ਆਨਰੇਰੀ ਸੰਪਾਦਕ : ਮਨੋਹਰ ਸਿੰਘ

ਸੂਰਾ ਪ੍ਰਿੰਟਿੰਗ ਪ੍ਰੈਸ, ਰਾਘੋਮਾਜਰਾ, ਪਟਿਆਲਾ ਤੋਂ ਅਖੰਡ ਕੀਰਤਨੀ ਜਥਾ, ਪਟਿਆਲਾ ਲਈ ਮਨੋਹਰ ਸਿੰਘ ਐਡੀਟਰ, ਪ੍ਰਿੰਟਰ ਤੇ ਪਬਲਿਸ਼ਰ ਨੇ ਛਪਵਾ ਕੇ ਦਫਤਰ ''ਸੂਰਾ'' ਰਾਘੋਮਾਜਰਾ, ਪਟਿਆਲਾ ਤੋਂ ੫ ਜੂਨ ਨੂੰ ਪ੍ਰਕਾਸ਼ਤ ਕੀਤਾ।



www.AKJ.Org




# ਮਿੱਤਰ ਕੌਣ ਹੈ ?

ਸਿਖ ਧਰਮ ਗ੍ਰਿਸਤ ਧਰਮ ਹੈ। ਗ੍ਰਿਸਤ ਵਿਚ ਹੁੰਦਿਆਂ ਹੋਇਆਂ ਸਾਨੂੰ ਕਈ ਤਰ੍ਹਾਂ ਦੇ ਸੰਸਾਰੀ ਵਾਂ ਨਾਲ ਮੇਲ ਗੇਲ ਕਰਨਾ ਪੈਂਦਾ ਹੈ।

ਸੰਸਾਰ ਵਿਚ ਵਿਚਰਦਿਆਂ ਹੋਇਆਂ ਸਾਡਾ ਲਾ ਇਹ ਆਮ ਰਹਿੰਦਾ ਹੈ ਕਿ ਸਚੇ ਮਿੱਤਰ ਤੀਆਂ ਵਿਚ ਘਟ ਹੀ ਲਭਦੇ ਹਨ, ਕਿਉਂਕਿ ਾਰਕ ਕਾਰ ਵਿਹਾਰ ਕਰਦਿਆਂ ਆਮ ਜੀਵਾਂ ਸੋਚਣੀ ਕੇਵਲ ਪਦਾਰਥਕ ਹੀ ਹੁੰਦੀ ਹੈ, ਤ ਲਈ ਪਦਾਰਥਕ ਪਰਾਪਤੀ ਵਿਚ ਸਚਾ ਮਾਰ, ਦਿਲੀ ਮਿੱਤਰਤਾ ਨਿਭ ਸਕਣੀ ਕਠਨ ਸੱਚੇ ਤੇ ਦਿਲੀ ਮਿੱਤਰ ਲਭਣੇ ਸੱਚ ਮੁੱਚ ਨ ਹਨ। ਇਸ ਵਿਚਾਰ ਨੂੰ ਗੁਰੂ ਸਾਹਿਬਾਨ ਨੇ ਕਈ ਥਾਂ ਪ੍ਰਗਟਾਇਆ ਹੈ। ਭਾਵੇਂ ਅਸੀਂ ਰੀ ਜੀਵ ਹਾਂ; ਪਰ ਮਿੱਤਰਾਂ ਦੀ ਚੋਣ ਵਲੋ ਵੀ ਅਸੀਂ ਗੁਰਮਤਿ ਕਸਵੱਟੀ ਨੂੰ ਹੀ ਮੁਖ ਰਖੀਏ ਜਿਥੇ ਸਾਨੂੰ ਚੰਗੇ ਮਿੱਤਰ ਲਭ ਸਕਦੇ ਹਨ, ਨਾਲ ਹੀ ਗਿਲੇ ਗੁਸੇ ਤੋਂ ਵੀ ਬਚੇ ਰਹਿ ਹਾਂ ਕਿ ਸਚੇ ਮਿੱਤਰ ਲਭਣੇ ਔਖੇ ਹਨ। ਗੁਰਮਤਿ ਦੀ ਕਸਵੱਟੀ ਤੇ ਵਿਚਾਰਣ ਦੀ ਹੈ ਕਿ ਸੱਚੇ ਮਿੱਤਰ ਦੇ ਕੀ ਗੁਣ ਹਨ। ਤਿ ਦੀ ਕਸਵੱਟੀ ਤੇ ਸਹੀ ਮਿੱਤਰ ਦਾ ਲਾ ਗੁਣ ਇਹ ਹੈ ਕਿ ਮਿੱਤਰ ਨਾਮ ਜਪਣ ੜਣ ਵਿਚ ਸਹਾਇਕ ਹੋਵੇ। ਗੁਰੂ ਅਰਜਨ ਸਾਹਿਬ ਸੱਚੇ ਮਿੱਤਰ ਦੀ ਚੋਣ ਲਈ ਸੁਝਾ ਦਿੰਦੇ ਹਨ—

ਸਚੀ ਸੋਬਤ ਤਿਨਾ ਸੰਗਿ, ਜਿਨ ਸੰਗਿ ਜਪੀਐ ਨਾਉ ॥
ਤਿਨ ਸੰਗਿ ਸੰਗੁ ਨ ਕੀਚਈ ਨਾਨਕ ਜਿਨਾ ਅਪਣਾ ਸੁਆਉ ॥

ਭਾਵ—ਜਿਹੜਾ ਮਿੱਤਰ ਨਾਮ ਜਪਣ ਵਿਚ, ਨਾਮ ਰਟਣ ਵਿਚ; ਸੁਰਤੀ ਜੋੜਨ ਵਿਚ ਸਹਾਇਕ ਹੋਵੇ, ਉਹਨਾਂ ਨਾਲ ਹੀ ਸੰਗਤ, ਸਚੀ ਸੰਗਤ ਹੋ ਸਕਦੀ ਹੈ।

ਸੱਚੇ ਮਿੱਤਰ ਦਾ ਦੂਸਰਾ ਗੁਣ ਇਹ ਹੈ ਕਿ ਸੱਚੇ ਮਿੱਤਰ ਦਾ ਸੰਗ ਮਨ ਦੀ ਚੰਚਲਤਾ ਨੂੰ ਰੋਕੇ। ਮਨੁੱਖੀ ਮਨ ਬਾਂਦਰ ਦੀ ਤਰ੍ਹਾਂ ਚੰਚਲ ਹੈ। ਇਸ ਨੂੰ ਆਖੇ ਲਾਉਣਾ ਕਠਨ ਹੈ। ਸਤਗੁਰੂ ਦੀ ਕਿਰਪਾ ਦੁਆਰਾ ਗੁਰਮੁਖਾਂ ਦੀ ਸੰਗਤ ਹੀ ਇਸ ਨੂੰ ਠੀਕ ਸੇਧ ਦੇ ਸਕਦੀ ਹੈ। ਸੋ ਸੱਚੇ ਮਿੱਤਰ ਦਾ ਸੰਗ ਜਿਥੇ ਨਾਮ ਜਪਣ ਵਿਚ; ਸੁਰਤੀ ਨੂੰ ਨਾਮ ਬਾਣੀ ਵਿਚ ਜੋੜਨ ਵਿਚ ਸਹਾਈ ਹੁੰਦਾ ਹੈ, ਉਥੇ ਨਾਲ ਹੀ ਸਾਡੇ ਮਨ ਨੂੰ ਸਥਿਰ ਕਰਨ ਵਿਚ; ਵਾਧਾ ਕਰਨ ਵਿਚ ਸਹਾਇਤਾ ਕਰਦਾ ਹੈ।

ਸੱਚੇ ਮਿੱਤਰ ਦਾ ਤੀਸਰਾ ਗੁਣ ਇਹ ਹੈ ਕਿ ਉਸ ਦਾ ਸੰਗ ਸਾਥ ਪਰਾਈ ਇਸਤਰੀ, ਪਰਾਈ ਨਿੰਦਾ ਆਦਿ ਦੇ ਮ੍ਰਿਗ ਜਾਲ ਤੋਂ ਸਾਨੂੰ ਬਚਾਉਂਦਾ ਹੈ। ਗੁਰਮੁਖ ਜਨ ਰਹਿੰਦਾ ਭਾਵੇਂ ਸੰਸਾਰਕ ਜੀਵਾਂ†


www.AKJ.Org




# ਗੁਰਮਤ ਸੰਗੀਤ

ਗੁਰੂ ਸਾਹਿਬਾਨ ਨੇ ਸ਼ਬਦ ਦਾ ਕੇਂਦਰੀ ਭਾਵ ਰਹਾਉ ਦੀ ਤੁਕ ਵਿਚ ਦਿੱਤਾ ਹੈ। ਇਸ ਲਈ ਗਾਇਕੀ ਸਮੇਂ ਅਸਥਾਈ ਜਾਂ ਟੇਕ ਸਦਾ ਰਹਾਉ ਦੀ ਪੰਗਤੀ ਹੋਣੀ ਲਾਜ਼ਮੀ ਹੈ। ਇਸ ਤੋਂ ਛੁਟ ਸ਼ਬਦ ਨੂੰ ਸਾਹਿਬਾਂ ਦੇ ਪ੍ਰਦਾਨ ਕੀਤੇ ਸਿਰਲੇਖ ਅਨੁਸਾਰ ਉਸੇ ਰਾਗ ਵਿਚ ਗਾਵਿਆ ਸ਼ੋਭਦਾ ਹੈ ਅਤੇ ਸ਼ਬਦ ਨੂੰ ਸਿਨਮਾਂ ਦੀਆਂ ਟੀਊਨਾਂ ਤੇ ਗਾਉਣ ਤੋਂ ਸੰਕੋਚ ਕਰਨਾ ਚਾਹੀਦਾ ਹੈ, ਤਾਂ ਜੋ ਗਾਇਕ ਜਾਂ ਸਰੋਤੇ ਦਾ ਮਨ ਖਿੰਡਾਓ ਤੋਂ ਬਚ ਕੇ ਅੰਤਰ-ਮੁਖੀ ਹੋ ਕੇ ਸਾਂਈ ਦੀ ਯਾਦ ਵਿਚ ਲੀਨ ਹੋ ਸਕੇ।

ਇਸ ਵਿਧੀ ਦਾ ਪ੍ਰਚਾਰ ਸੁਹਿਰਦ ਸੰਗੀਤਕਾਰਾਂ ਤੇ ਨਿਰਭਰ ਹੈ। ਸਾਡੇ ਖਿਆਲ ਵਿਚ ਉਨ੍ਹਾਂ ਵਲੋਂ ਧੰਨ ਗੁਰ ਨਾਨਕ ਜੀ ਦੇ ਪੰਜ ਸੌ ਸਾਲਾ ਪ੍ਰਕਾਸ਼ ਉਤਸ਼ਵ ਸਮੇਂ ਇਹ ਹੋਈ ਸੇਵਾ ਇਕ ਯੋਗ ਭੇਟਾ ਹੋਵੇਗੀ। ਕੁਝ ਖੇਚਲਾਂ ਤੇ ਕੁਰਬਾਨੀ ਮਗਰੋਂ ਇਹ ਰੀਤ ਪ੍ਰਚਲਤ ਹੋ ਜਾਣੀ ਅਸੰਭਵ ਨਹੀਂ। ਗੁਰੂ ਸਮਰੱਥ ਉੱਦਮ ਤੇ ਦ੍ਰਿੜ੍ਹਤਾ ਪ੍ਰਦਾਨ ਕਰੇ।

ਦਾਸ—ਨਿਹਾਲ ਸਿੰਘ
ਮੈਂਬਰ ਇਨਚਾਰਜ ਸੰਗੀਤ ਸੈਂਟਰਜ਼, ਚੀਫ਼ ਖਾਲਸਾ ਦੀਵਾਨ, ਬੰਬਈ
ਕੈਂਪ ਖਾਲਸਾ ਹਾਇਰ ਸੈਕੰਡਰੀ ਸਕੂਲ, ਗੜ੍ਹਦੀਵਾਲਾ।

---

†ਦੀ ਤਰ੍ਹਾਂ ਹੀ ਹੈ; ਪਰ ਹੋਛੇ ਇੰਦ੍ਰੀ ਦੇ ਸੁਆਦਾਂ ਤੋਂ ਉੱਚਾ ਰਹਿੰਦਾ ਹੈ ਤੇ ਇਹਨਾਂ ਸੁਆਦਾਂ ਤੋਂ ਉੱਚੇ ਹੋਣ ਲਈ ਸਚੇ ਮਿੱਤਰ ਦਾ ਸੰਗ ਸਾਥ ਬਹੁਤ ਸਹਾਇਤਾ ਕਰਦਾ ਹੈ।

ਇਉਂ ਉਪਰੋਕਤ ਗੁਣਾਂ ਵਾਲੇ ਮਿੱਤਰ ਦੇ ਸੰਗ ਦਾ ਲਾਹਾ ਇਹ ਹੁੰਦਾ ਹੈ ਕਿ ਸਾਡੇ ਮਨ ਦੀ ਮੈਲ ਧੋ ਹੁੰਦੀ ਰਹਿੰਦੀ ਹੈ ਤੇ ਹੌਲੀ ਹੌਲੀ ਮਨ ਨਿਰਮਲ ਹੁੰਦਾ ਜਾਂਦਾ ਹੈ ਪਰ ਇਹਨਾਂ ਗੁਣਾਂ ਵਾਲੇ ਮਿੱਤਰ ਦੀ ਚੋਣ ਤਾਂ ਹੀ ਹੋ ਸਕਦੀ ਹੈ ਜੇ ਅਸੀਂ ਆਪ ਇਹਨਾਂ ਗੁਣਾਂ ਵਾਲੇ ਸਿੱਖ ਬਣਨ ਦਾ, ਮਿੱਤਰ ਬਣਨ ਦਾ ਯਤਨ ਜਾਰੀ ਰਖੀਏ।

ਇਸਲਈ ਗੁਰਮੁਖ ਜਨਾਂ ਦਾ ਪਹਿਲਾ ਫ਼ਰਜ਼ ਬਣਦਾ ਹੈ ਕਿ ਜਿਥੇ ਮਿੱਤਰਾਂ ਦੀ ਚੋਣ ਵੇਲੇ ਗੁਰਮਤਿ ਦੀ ਕਸਵੱਟੀ ਨੂੰ ਮੁਖ ਰਖਣ, ਉਥੇ ਨਾਲ ਹੀ ਨਿੱਜੀ ਜੀਵਨ ਨੂੰ ਉਸੇ ਕਸਵੱਟੀ ਤੇ ਢਾਲਣ ਦਾ ਯਤਨ ਕਰਨ ਤਾਂ ਹੀ ਅਸੀਂ ਕੁਝ ਕੁ ਮਿੱਤਰਾਂ ਨੂੰ, ਕੁਝ ਵਿਰਲੇ ਜਨਾਂ ਨੂੰ ਮਿੱਤਰ ਗਲਵਕੜੀ ਪਾ ਸਕਦੇ ਹਾਂ। (ਸੰਪਾਦਕ)

www.AKJ.Org

## ਖ਼ਾਲਸਾ ਹਾਇਰ ਸੈਕੰਡਰੀ ਸਕੂਲ ਗੜ੍ਹਦੀਵਾਲਾ (ਹੁਸ਼ਿਆਰਪੁਰ) ਵਿਖੇ

# ਆਸਾ ਦੀ ਵਾਰ ਦਾ ਸੰਗੀਤਕ ਵਿਧੀ ਨਾਲ ਪ੍ਰਚਾਰ

ਸਾਡੇ ਸਦੇ ਤੇ ਚੀਫ਼ ਖਾਲਸਾ ਦੀਵਾਨ ਬੰਬਈ ਦੇ ਸੰਗੀਤ ਸੈਂਟਰਾਂ ਦੇ ਆਨਰੇਰੀ ਮੈਂਬਰ ਇਨਚਾਰਜ ਮਾਸਟਰ ਨਿਹਾਲ ਸਿੰਘ ਜੀ ਨੇ ਇਥੇ ਪੁਜ ਕੇ ੧੨ ਮਈ ਤੋਂ ਦੋ ਗੁਰਮਤ ਸੰਗੀਤ ਕਲਾਸਾਂ ਜਾਰੀ ਕੀਤੀਆਂ। ਇਕ ਵਿਚ ਗਰਲ ਹਾਈ ਸਕੂਲ ਦੀਆਂ ਕੁਝ ਅਧਿਆਪਕਾਂ ਤੇ ਕੁਝ ਵਿਦਿਆਰਥਨਾਂ ਅਤੇ ਦੂਜੀ ਵਿਚ ਸਕੂਲ ਦੇ ਕੁਝ ਅਧਿਆਪਕ ਤੇ ਕੁਝ ਵਿਦਿਆਰਥੀ ਸ਼ਾਮਲ ਹੋਏ। ਕੋਰਸ ਹੈ ੬ ਛੰਤ, ਸਲੋਕ, ਪਉੜੀਆਂ ਤੇ ਪੰਜ ਸ਼ਬਦ (ਸਭ ਆਸਾ ਰਾਗੁ ਵਿਚ ਆਸਾ ਦੀ ਵਾਰ ਲਈ) ਜੋ ੬੦ ਦਿਨਾਂ ਵਿਚ ਪੂਰਾ ਹੋਵੇਗਾ ਤੇ ਅਗੇ ਵਧ ਕੇ ਪੂਰੀ ਆਸਾ ਦੀ ਵਾਰ 'ਗੁਰਮਤ ਸੰਗੀਤ ਨਵੀਨ ਬਾਲ ਬੋਧ' (ਜੋ ਵਿਦਿਆਰਥੀਆਂ ਨੂੰ ਦਿਤਾ ਗਿਆ) ਦੀ ਵਿਧੀ ਤੇ ਲਾ ਲੈਣ ਲਈ ਪ੍ਰੇਰਨਾ ਕੀਤੀ ਜਾਵੇਗੀ।

ਮਾਸਟਰ ਜੀ ਦਾ ਇਹ ਪਰੋਗਰਾਮ ਧੰਨ ਗੁਰੂ ਨਾਨਕ ਜੀ ਦੇ ਪੰਜ ਸੌ ਸਾਲਾ ਪ੍ਰਕਾਸ਼ ਉਤਸ਼ਵ ਤਕ ਜਾਰੀ ਰਹੇਗਾ। ਵਿਦਿਆਰਥੀਆਂ ਪਾਸੋਂ ਕੋਈ ਫ਼ੀਸ ਨਹੀਂ ਲਈ ਜਾਂਦੀ ਤੇ ਆਸਾ ਦੀ ਵਾਰ ਦੇ ਗੁਟਕੇ ਮੁਫ਼ਤ ਦਿਤੇ ਜਾ ਰਹੇ ਹਨ। ਆਣ ਜਾਣ ਦੇ ਕਿਰਾਏ ਦਾ ਬੋਝ ਭੀ ਸੰਗਤਾਂ ਤੇ ਨਹੀਂ ਹੈ। ਕੇਵਲ ਸੇਵਾ ਦੀ ਆਸ ਤੇ ਹਾਜ਼ਰੀ ਭਰੀ ਜਾਂਦੀ ਹੈ।

ਇਸ ਤੋਂ ਛੁਟ ਆਸਾ ਦੀ ਵਾਰ ਦੇ ਖੁਲੇ ਪਰਚਾਰ ਲਈ (ਵਾਜੇ ਤੋਂ ਬਿਨਾਂ) ਇਥੇ ੨੦੦ ਵਿਦਿਆਰਥੀਆਂ ਨੂੰ ਪਰੇਅਰ ਟਾਈਮ ਵਿਚ ਸੰਥਿਆ ਦੇ ਕੇ ੩੦ ਦਿਨਾਂ ਵਿਚ ਉਪਰੋਕਤ ਕੋਰਸ ਪੂਰਾ ਕਰਾ ਆਸਾ ਦੀ ਵਾਰ ਲਾਣ ਦੇ ਕਾਬਲ ਬਣਾ ਦਿਤਾ ਜਾਵੇਗਾ। ਇਸ ਤਜਰਬੇ ਦੀ ਕਾਮਯਾਬੀ ਮਗਰੋਂ ਸਕੂਲ ਦੇ ਸਾਰੇ ਵਿਦਿਆਰਥੀਆਂ ਨੂੰ ਕੇਵਲ ਪਰੇਅਰ ਦੇ ਸਮੇਂ ਸੰਥਿਆ ਦੇ ਕੇ ਆਸਾ ਦੀ ਵਾਰ ਲਾ ਲੈਣ ਦੀ ਕਾਬਲੀਅਤ ਪੈਦਾ ਕਰ ਦੇਣ ਦਾ ਉਪਰਾਲਾ ਕੀਤਾ ਜਾਵੇਗਾ। ਸਮਰੱਥ ਗੁਰੂ ਸਿਰ ਹਥ ਧਰ! ਸਾਡੀ ਜਾਚੇ ਸਚੇ ਪਾਤਸ਼ਾਹ ਦੇ ਪੰਜ ਸੌ ਸਾਲਾ ਪਰਕਾਸ਼ ਉਤਸ਼ਵ ਸਮੇਂ ਇਹ ਢੁਕਵੀਂ ਭੇਟਾ ਹੋਵੇਗੀ। ਸਾਂਈ ਕਬੂਲ!

ਗਰ ਕਬੂਲ ਉਫਤਦ ਜ਼ਹੇ ਇਜ਼ ਸਰਫ।

ਦਾਸ—ਪ੍ਰਿੰਸੀਪਲ ਖਾਲਸਾ ਹਾਇਰ ਸੈਕੰਡਰੀ ਸਕੂਲ ਗੜ੍ਹਦੀਵਾਲਾ (ਹੁਸ਼ਿਆਰਪੁਰ)

---

# ਅੰਬੋਮਾਜਰਾ ਵਿਖੇ ਹੋ ਰਹੇ ਗੁਰਮਤ ਸਮਾਗਮ ਤੇ ਰੈਣ ਸਬਾਈ ਕੀਰਤਨ ਦਾ ਪ੍ਰੋਗ੍ਰਾਮ

੧੨ ਜੂਨ ਦਿਨ ਵੀਰਵਾਰ ਅੰਮ੍ਰਿਤ ਵੇਲੇ ਅਰੰਭ ਸ੍ਰੀ ਅਖੰਡ ਪਾਠ

੧੪ ਜੂਨ ਦਿਨ ਸਨਿਚਰਵਾਰ ਭੋਗ ਸ੍ਰੀ ਅਖੰਡ ਪਾਠ ਉਪਰੰਤ ਕੀਰਤਨ ਆਸਾ ਜੀ ਦੀ ਵਾਰ ਅਤੇ ਸ਼ਾਮ ਨੂੰ ਕੀਰਤਨ ਰੈਣ ਸਬਾਈ ਠੀਕ ੮ ਵਜੇ ਅਰੰਭ ਹੋਵੇਗਾ ਜਿਸਦਾ ਭੋਗ ੧੫ ਜੂਨ ਸਵਰੇ ਪਵਗਾ।

ਨੋਟ—ਪਿੰਡ ਅੰਬੋ ਮਾਜਰਾ ਜੀ.ਟੀ. ਰੋਡ ਗੋਬਿੰਦਗੜ੍ਹ ਸਰਹੰਦ ਰੋਡ ਦੇ ਉਪਰ ਹੀ ਹੈ।

ਇਹ ਪਿੰਡ ਗੋਬਿੰਦਗੜ੍ਹ ਤੋਂ 2 ਮੀਲ ਤੇ ਸਰਹੰਦ ਤੋਂ 4 ਮੀਲ ਹੈ।

ਦਾਸਰੇ—ਪ੍ਰੀਤਮ ਸਿੰਘ, ਰਣਜੀਤ ਕੌਰ
ਪਿੰਡ ਅੰਬੋ ਮਾਜਰਾ (ਪਟਿਆਲਾ)

www.AKJ.Org

# ਗੁਰਮਤਿ ਨਾਮ ਦੇ ਚਮਤਕਾਰੇ

(ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ)

ਮਾਝ ਮਹਲਾ ੩ ॥ ਇਸੁ ਤਨ ਮਹਿ ਮਨੁ ਕੋ ਗੁਰਮੁਖਿ ਦੇਖੈ ॥ ਭਾਇ ਭਗਤ ਜਾ ਹਉਮੈ ਸੋਖੈ ॥ ਸਿਧ ਸਾਧਿਕ ਮੋਨਿਧਾਰੀ ਰਹੇ ਲਿਵਲਾਇ ਤਿਨ ਭੀ ਤਨ ਮਹਿ ਮਨੁ ਨ ਦਿਖਾਵਣਿਆ ॥

ਗੁਰਮਤਿ ਤੋਂ ਘੁਥੇ ਹੋਏ ਸਿਧ ਸਾਧਿਕ ਮੋਨ-ਧਾਰੀ ਆਦਿ ਆਨਮਤੀ ਲੋਕ ਆਪਣੀਆਂ ਮਨਉਕਤ ਸਮਾਧੀਆਂ ਬਥੇਰੀਆਂ ਲਾਇ ਥਕੇ ਪਰ ਸਭ ਬਿਰਥੀਆਂ ਹੀ ਗਈਆਂ ਕਿਉਂਕਿ ਮਨ ਤਾਂ ਤਿਨਾਂ ਦੇ ਵਸ ਹੀ ਨਹੀਂ ਆਇਆ। ਤਿਨਾਂ ਦੀਆਂ ਮਨ ਦੀਆਂ ਮਤੀਆਂ ਸਦਾ ਹੀ ਖਿੰਡੀਆਂ ਰਹਿੰਦੀਆਂ ਹਨ। ਉਥੇ ਸਮਾਧੀਆਂ ਕਿਥੇ। ਲੋਕ ਵਿਖਾਵੇ ਦੀਆਂ ਪਖੰਡ ਉਪਾਧੀਆਂ ਹੀ ਹੁੰਦੀਆਂ ਹਨ। ਆਨਮਤੀ ਲੋਕ ਇਤਨੇ ਮਾਦਾ ਪ੍ਰਸਤ, ਮਾਇਆਧਾਰੀ ਹੋ ਰਹੇ ਹਨ ਕਿ ਓਹ ਨਿਸ ਦਿਨ ਸਰੀਰਕ ਰਸਾਂ ਕਸਾਂ ਵਿਚਿ ਹੀ ਖੱਚਤ ਰਹਿੰਦੇ ਹਨ। ਇਸ ਖੱਚਤ-ਪਣੇ ਤੋਂ ਰਹਿਤ ਕੋਈ ਕੋਈ ਵਿਰਲਾ ਟਾਂਵਾਂ ਟਾਂਵਾਂ ਹੀ ਗੁਰੂ ਦੇ ਪਾਸੇ ਲਗਾ ਹੋਇਆ ਗੁਰਮੁਖਿ ਸਜਣ ਹੈ ਜੋ ਇਸ ਪ੍ਰੇਸ਼ਾਨੀ ਵਾਲੀ ਜ਼ਿੰਦਗੀ ਵਿਚਿ ਆਤਮ ਖੇਡ ਵਲ ਭੀ ਝਾਤ ਪਾਉਂਦਾ ਹੈ ਅਤੇ ਪ੍ਰੇਮਾ ਭਗਤੀ ਕਰਕੇ ਆਪਣੀ ਹਉਮੈਂ ਨੂੰ ਸੁਕਾਉਂਦਾ ਮੁਕਾਉਂਦਾ ਹੈ ਆਮ ਲੋਕਾਂ ਦਾ ਤਾਂ ਕੀ ਆਖਣਾ ਹੈ ਵਡੇ ਵਡੇ ਧਾਰਮਿਕ ਕਰਮਚਾਰੀ ਭੀ ਧਿਆਨ ਲਾ ਲਾ ਕੇ ਹਟ ਚੁਕੇ ਪਰ ਓਹਨਾਂ ਨੂੰ ਸਰੀਰ ਵਿਚਿ ਆਤਮਾ ਨ ਦਿਸ ਸਕਿਆ ਓਹਨਾਂ ਦੀ ਨਜ਼ਰ ਭੀ ਕਿਸੇ ਨ ਕਿਸੇ ਸ਼ਕਲ ਵਿਚਿ ਸਰੀਰਕ ਰਸਾਂ ਤੇ ਰੁਝੇਵਿਆਂ ਤਕ ਹੀ ਮਹਿਦੂਦ ਰਹੀ। ਏਹਨਾਂ ਸਰੀਰਕ ਵਿਸ਼ਿ-ਆਂ ਤੋਂ ਉਚੇ ਉਠ ਕੇ ਆਤਮਕ ਅਵਸਥਾ ਦੀ ਬਰੀਕ ਤਕ ਨਾ ਅਪੜ ਸਕੇ ਪਰ 'ਸਨਕ ਆਦਿਕ ਨਾਰਦ ਮੁਨਿ ਸੇਖਾ ਤਿਨ ਭੀ ਤਨ ਮਹਿ ਮਨ ਨਹੀ ਪੇਖਾ।' ਮਨ ਦਾ ਭਾਵ ਏਥੇ ਆਤਮਾ ਦਾ ਹੈ। ਤਾਂ ਤੇ ਇਸ ਤਨ ਵਿਖੇ ਆਤਮ ਝਲਕਾਰਾ ਕੋਈ ਕੋਈ ਵਿਰਲਾ ਨਾਮ ਅਭਿਆਸੀ ਗੁਰਮੁਖਿ ਜਨ ਹੀ ਵੇਖਦਾ ਹੈ। ਆਤਮਕ ਭਾਉ ਭਗਤੀ ਵਾਲੇ ਭਗਤ ਜਨ ਕੇਵਲ ਸੋਈ ਹਨ ਜੋ ਹਉਮੈਂ ਨੂੰ ਮਾਰ ਮੁਕਾਉਂਦੇ ਹਨ। ਸੂਖਮ ਤੇ ਸੂਖਮ ਹਉਮੈਂ ਨੂੰ ਭੀ ਨੇੜੇ ਨਹੀਂ ਢੁਕਣ ਦਿੰਦੇ। ਗੁਰਮਤਿ ਵਿਦਿਆ ਤੋਂ ਪਰਾਪਤਿ ਹੋਇਆ ਸੱਚਾ ਚਾਨਣ ਅਤੇ ਆਨਮਤ ਵਿਦਿਆ ਕਰਕੇ ਸਹੇੜਿਆ ਹੋਇਆ ਘੁਪ ਅੰਧੇਰਾ ਅਤੇ ਉਸ ਚਾਨਣ ਹਨੇਰੇ ਤੋਂ ਵਖੋ ਵਖ ਪਰਾਪਤਿ ਹੋਈ ਅਵਸਥਾ ਦੀ ਵਿਸਥਾਰ ਵਿਆਖਿਆ ਅਗਲੇਰੇ ਗੁਰਵਾਕ ਦੀਆਂ ਪੰਗਤੀਆਂ ਵਿਚਿ ਖੂਬ ਨਿਖਾਰਕੇ ਦਰਸਾਈ ਗਈ ਹੈ ਏਹ ਕੇਵਲ ਗੁਰਮਤਿ ਗਿਆਨ ਅਵਸਥਾ ਹੀ ਹੈ ਜਿਸ ਦੁਆਰਾ ਤਿਮਰ ਅਗਿਆਨ ਦਾ ਅੰਧੇਰਾ ਬਿਨਾਸ ਹੁੰਦਾ ਹੈ ਅਤੇ ਅੰਤਰਿ ਆਤਮੇ ਜੋ ਚਾਨਣਾ ਹੀ ਚਾਨਣਾ ਬਿਸ਼ੁਗੁਫਤ ਹੋਕੇ ਅਗਿਆਨ ਅੰਧੇਰਾ ਗੰਵਾਇਆ ਜਾਂਦਾ ਹੈ। ਗੁਰਮਤਿ ਆਤਮ ਅਵਸਥਾ ਨੂੰ ਗੁਰਮਤਿ ਨਾਮ ਅਭਿਆਸ ਦੁਆਰਾ ਹੀ ਇਹ ਪਦਵੀ ਪਰਾਪਤ ਹੁੰਦੀ ਹੈ ਕਿ ਅਭਿਆਸੀ ਜਨ ਦੀ ਆਤਮ ਜੋਤਿ ਜੋਤੀ ਸਰੂਪ ਵਿਖੇ ਜਾਇ ਘੁਲ ਮਿਲ ਘਿਚ ਹੁੰਦੀ ਹੈ। ਇਸ ਅਵਸਥਾ ਤੇ ਅਪੜ ਕੇ ਮਨ ਦੀ ਸਚੀ ਸੂਝ ਬੂਝ ਆਉਂਦੀ ਹੈ।


www.AKJ.Org

ਚੀ ਗੁਰਮਤਿ ਸੂਝ ਬੂਝ ਪਾ ਕੇ ਹੀ ਵਾਹਿਗੁਰੂ ਦੇ ਦਰਬਾਰ ਵਿਚਿ ਸਚੀ ਸੋਭਾ ਪਾਤਰ ਬਣੀਦਾ ਹੈ। ਗੁਰਮਤਿ ਦੀ ਅਤਿ ਉੱਚ ਵਿਲਖਣਤਾ ਇਹ ਹੈ ਕਿ ਵਾਹਿਗੁਰੂ ਦੇ ਜੋਤਿ ਸਰੂਪੀ ਪਰਕਾਸ਼ ਨੂੰ ਸਰੀਰ ਦੇ ਅੰਦਰਿ ਹੀ ਪਰਤੱਖ ਪੇਖਿਆ ਜਾਂਦਾ ਹੈ। ਗੁਰਮਤਿ ਨਾਮ ਅਭਿਆਸ ਦਾ ਅਣੋਖਾ ਚਮਤਕਾਰ ਹੈ ਅਤੇ ਸਰੀਰ ਦੇ ਅੰਦਰਿ ਹੀ ਪਰਤੱਖ ਵਾਹਿਗੁਰੂ ਦੇ ਦਰਸ਼ਨ ਦੇਖਣ ਦਾ ਇਹ ਅਨੂਪਮ ਦਰਸਾਰਾ ਹੈ। ਗੁਰਮਤਿ ਤੋਂ ਛੁਟ ਹੋਰ ਸਾਰੇ ਅਨਮਤ ਮਤਾਂ ਅੰਦਰਿ ਐਉਂ ਭੁਲੇਖਾ ਪਾਇਆ ਗਇਆ ਹੈ ਕਿ ਬਾਹਰ ਤੋਂ ਆ ਕੇ ਹੀ ਰਬ ਮਿਲਦਾ ਹੈ। ਜੋ ਸਰੀਰੋਂ ਬਾਹਰ ਆ ਕੇ ਮਿਲੇਗਾ ਉਹ ਸਰੂਪ ਸਰਗੁਣ ਰੂਪ ਵਿਚ ਹੀ ਗੁਮਰਾਹੇ ਗਏ ਆਨਮਤਾਂ ਨੇ ਪਰਗਟਾਇਆ ਹੈ। ਅੰਤਰਿ ਗਤੀ ਆਤਮਾਂ ਰਿਦ ਅੰਤਰਿ ਹੀ ਨਿਰਗੁਣ ਜੋਤਿ ਸਰੂਪੇ ਦਰਸ਼ਨ ਦੀ ਪਰਾਪਤੀ ਕੇਵਲ ਗੁਰਮਤਿ ਹੀ ਕਰਾਉਂਦੀ ਹੈ। ਆਨਮਤੀਆਂ ਦਰਸਾਈਆਂ ਹੋਈਆਂ ਸਰਗੁਣ ਸਰੂਪ ਦੀਆਂ ਪਰਾਪਤੀਆਂ ਭੀ ਸਭ ਅਨਮਾਨਕ ਪ੍ਰਾਪਤੀਆਂ ਹੀ ਹਨ। ਵਾਸਤਵ ਪਰਾਪਤੀ ਦਾ ਉਥੇ ਨਮੂਦ ਮਾਤਰ ਭੀ ਨਹੀਂ। ਸਰੀਰ ਤੋਂ ਬਾਹਰਵਾਰ ਭਾਲਣਹਾਰਿਆਂ ਦੇ ਪਲੇ ਕੁਛ ਪੈਂਦਾ ਨਹੀਂ। ਐਸੇ ਭਾਲਣਹਾਰੇ ਵਿਚਾਰੇ ਨਿਰੇ ਵਿਗਾਰੀਆਂ ਵਾਲੀ ਹੀ ਵਿਗਾਰੀ ਦੁਖ ਉਠਾਉਂਦੇ ਹਨ। ਕਿਉਂਕਿ ਬਾਹਰਵਾਰੋਂ ਨਾਹੀਂ ਉਹ ਨਾਮ ਦੀ ਲਖਤਾ ਕਰ ਸਕਦੇ ਹਨ ਨਾਂਹੀ ਨਾਮ ਦੀ ਪਰਾਪਤੀ ਓਹਨਾਂ ਨੂੰ ਹੋ ਸਕਦੀ ਹੈ। ਤਾਂ ਤੇ ਓਹ ਸਾਰੀ ਅਵਰਦਾ ਬੇਸੂਝ ਮਨਮੁਖ ਅੰਧਲੇ ਹੀ ਰਹਿੰਦੇ ਹਨ। ਇਹ ਨਾਮ ਅਮੋਲਕ ਹੀ ਹੈ ਜੋ ਨਾਮੀ ਦੀ ਪਰਾਪਤੀ ਕਰਵਾ ਸਕਦਾ ਹੈ ਤੇ ਗੁਰਪਰਸਾਦੀ ਹੀ ਕਰਵਾ ਸਕਦਾ ਹੈ ਭਾਵ ਗੁਰਮਤਿ ਦੁਆਰਾ ਹੀ ਗੁਰਮਤਿ ਨਾਮ ਪ੍ਰਾਪਤਿ ਹੁੰਦਾ ਹੈ। ਨਾਮ ਪਰਾਪਤਿ ਕੀਤਿਆਂ ਹੀ ਹਉਮੈ ਦੀ ਨਿਵਿਰਤੀ ਬਿਨਾਂ ਬਜਰ ਕਪਾਟ ਖੁਲਦੇ ਹੀ ਨਹੀਂ। ਗੁਰਮਤਿ ਅੰਦਰਿ (ਗੁਰੂ ਘਰ ਵਿਖੇ) ਇਹ ਵਿਲਖਣਤਾ ਮਈ ਵਾਧਾ ਹੈ ਜੋ ਸ੍ਰੀ ਗੁਰੂ ਦਸਮੇਸ਼ ਸਮੇਂ ਤੋਂ ਹੀ ਚਲਿਆ ਆਉਂਦਾ ਹੈ ਕਿ ਸਿਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬੇ ਗੁਰੂ ਸਰੂਪ ਨਾਮ ਅਭਿਆਸੀ ਪੰਜਾਂ ਪਿਆਰਿਆਂ ਦੁਆਰਾ ਹੀ ਸੱਚਾ ਗੁਰ ਦੀਖਿਆਮਈ ਸ਼ਬਦ ਮਿਲਦਾ ਹੈ। ਇਹ ਸ਼ਬਦ ਉਪਦੇਸ਼ ਕੀ ਹੁੰਦਾ ਹੈ ਗੁਰ ਦੀਖਿਆ ਕੀ ਹੁੰਦੀ ਹੈ ਨਿਰੀ ਨਾਮ ਅਭਿਆਸ ਦੀ ਬਰਰਾਟ ਅੰਤਰ ਆਤਮੇ ਚਲ ਪੈਂਦੀ ਹੈ। ਇਸ ਗੁਰੂ ਸ਼ਬਦ ਦੀਖਿਆ ਮਿਲੇ ਬਿਨਾਂ ਨਾਮ ਅਭਿਆਸ ਦੀ ਨਿਰ-ਗੁਣ ਬਰਰਾਟ ਅੰਤਰ ਆਤਮੇ ਉਪਜਦੀ ਹੀ ਨਹੀਂ ਨਾਮ ਅਭਿਆਸ ਦਾ ਤੋਰਾ ਤੁਰਦਾ ਹੀ ਨਹੀਂ ਜਿਨ੍ਹਾਂ ਤੇ ਗੁਰੂ ਦੀ ਖਾਸ ਕਿਰਪਾ ਕਟਾਖਸ਼ ਹੁੰਦੀ ਹੈ ਤਿਨਾਂ ਦੇ ਅੰਦਰਿ ਹੀ ਉਪਰ ਦਸੀ ਬਿਉਂਤ ਅਨੁਸਾਰ ਨਾਮ ਵਸਦਾ ਧਸਦਾ ਤੇ ਰਸਦਾ ਹੈ। ਉਪਰ ਦਸੀ ਸਾਰੀ ਅਵਸਥਾ ਅਗੇ ਲਿਖੇ ਗੁਰਵਾਕ ਦੇ ਭਾਵ ਵਿਚਿ ਖੂਬ ਨਿਰੂਪਨ ਅਤੇ ਵਿਆਖਤ ਹੁੰਦੀ ਹੈ:—

ਹਉਮੈ ਮਾਰਿ ਬਜਰ ਕਪਾਟ ਖੁਲਾਇਆ ॥
ਨਾਮੁ ਅਮੋਲਕੁ ਗੁਰਪਰਸਾਦੀ ਪਾਇਆ ॥
ਬਿਨ ਸਬਦੇ ਨਾਮ ਨ ਪਾਏ ਕੋਈ
ਗੁਰ ਕਿਰਪਾ ਮੰਨਿ ਵਸਾਵਣਿਆ ॥ ੨ ॥
ਗੁਰ ਗਿਆਨੁ ਅੰਜਨੁ ਸਚੁ ਨੇਤ੍ਰੀ ਪਾਇਆ ॥
ਅੰਤਰਿ ਚਾਨਣ ਅਗਿਆਨ ਅੰਧੇਰੁ ਗਵਾਇਆ ॥
ਜੋਤੀ ਜੋਤਿ ਮਿਲੀ ਮਨੁ ਮਾਨਿਆ
ਹਰਿ ਦਰਿ ਸੋਭਾ ਪਾਵਣਿਆ ॥ ੩ ॥
ਸਰੀਰਹੁ ਭਾਲਣਿ ਕੋ ਬਾਹਰਿ ਜਾਏ ॥
ਨਾਮ ਨ ਲਹੈ ਬਹੁਤ ਵੇਗਾਰ ਦੁਖ ਪਾਏ ॥
ਮਨਮੁਖ ਅੰਧੇ ਸੂਝੇ ਨਾਹੀ
ਫਿਰਿ ਘਿਰਿ ਆਇ ਗੁਰਮੁਖਿ ਵਥੁ ਪਾਵਣਿਆ ॥ ੪ ॥

ਅਨਮਤਾਂ ਵਾਲੇ ਸਾਰੇ ਮਤਾਂ ਵਿਚਿ ਫਿਰਿ ਫਿਰਿ ਕੇ ਘੁਮ ਘੁਮ ਕੇ ਹੰਢ ਹੰਢ ਕੇ ਮੁੜ ਗੁਰਮਤਿ ਮਤਿ ਭਾਵ ਗੁਰੂ ਘਰ ਵਿਖੇ ਆਇਆਂ ਹੀ ਸਚੀ ਵਖਰ ਨਾਮ ਅਮੋਲਕ ਦੀ ਪਰਾਪਤੀ ਹੁੰਦੀ ਹੈ। ਐਵੇਂ ਕਦਾਚਿਤ ਨਹੀਂ ਹੋ ਸਕਦੀ ਕਿਉਂ ਕਿ ਗੁਰੂ ਬਾਝੋਂ ਹੋਰ ਅੰਧਾਰ ਹੀ ਰਹਿੰਦਾ ਹੈ। ਗੁਰਮਤਿ


www.AKJ.org

ਗੁਰੂ ਘਰ ਤੋਂ ਘੁਥੇ ਹੋਏ ਆਨਮਤੀ ਲੋਕ ਜਮਕਾਲ ਦੇ ਗ੍ਰਸੇ ਹੋਏ ਹੀ ਚਰਾਸੀਹ ਦੇ ਗੇੜ ਵਿਚਿ ਘੁਮਦੇ ਰਹਿੰਦੇ ਹਨ ਤੇ ਫੋਕੀ ਕੂਕ ਪੁਕਾਰ ਕਰਦੇ ਹਨ ਪਰ ਉਹਨਾਂ ਦੀ ਸੁਣਦਾ ਕੋਈ ਨਹੀਂ। ਹਰਦਮ ਜਨਮ ਮਰਣ ਦੇ ਰੋਗ ਭਰੇ ਗੇੜ ਵਿਚ ਹੀ ਰੋਗੀ ਹੋਕੇ ਪਏ ਏਹ ਸਟਾਂ ਖਾਂਦੇ ਹਨ। ਗੰਦਗੀ ਬਿਸ਼ਟਾ ਦੇ ਕੀੜਿਆਂ ਵਾਂਗੂ ਉਹਨਾਂ ਦਾ ਸਦਾ ਬਿਸ਼ਟਾ (ਗੰਦਗੀ) ਵਿਚਿ ਹੀ ਨਿਵਾਸ ਰਹਿੰਦਾ ਹੈ। ਏਸੇ ਪਰਕਾਰ ਬਿਸ਼ਟਾ ਵਿਖੇ ਫਾਥੇ ਹੋਏ ਹੀ ਦੁਖ ਪਾਉਂਦੇ ਰਹਿੰਦੇ ਹਨ ਯਥਾ ਗੁਰਵਾਕ—

'ਬਾਝ ਗੁਰੂ ਹੈ ਅੰਧ ਅੰਧਾਰਾ ॥
ਜਮਕਾਲ ਗਰਠੇ ਕਰਹਿ ਪੁਕਾਰਾ ।
ਅਨਦਿਨ ਰੋਗੀ ਬਿਸਟਾ ਕੇ ਕੀੜੇ
ਬਿਸਟਾ ਮਹਿ ਦੁਖੁ ਪਾਵਣਿਆ ।'

## ਆਨਮਤੀ ਸਾਧੂ ਰਿਸ਼ੀ ਤੇ ਗੁਰਸਿੱਖ ਜੋਗੀ

ਮਾਝ ਮਹਲਾ ੩ ॥

ਮਨਮੁਖ ਪੜਹਿ ਪੰਡਤਿ ਕਹਾਵਹਿ ਦੂਜੇ ਭਾਇ ਮਹਾ ਦੁਖੁ ਪਾਵਹਿ। ਬਿਖਿਆ ਮਾਤੇ ਕਿਛੁ ਸੂਝੈ ਨਾਹੀ ਫਿਰਿ ਫਿਰਿ ਜੂਨੀ ਆਵਣਿਆ ॥ ੧ ॥ ਹਉ ਵਾਰੀ ਜੀਉ ਵਾਰੀ ਹਉਮੈ ਮਾਰ ਮਿਲਾਵਣਿਆ॥ ਗੁਰ ਸੇਵਾ ਤੇ ਹਰਿ ਮਨਿ ਵਸਿਆ ਹਰਿ ਰਸ ਸਹਿਜ ਪੀਆਵਣਿਆ ॥ ੧ ॥ ਰਹਾਉ । ਵੇਦ ਪੜਹਿ ਹਰਿ ਰਸ ਨਹੀ ਆਇਆ । ਵਾਦੁ ਵਖਾਣਹਿ ਮੋਹੇ ਮਾਇਆ । ਅਗਿਆਨ ਮਤੀ ਸਦਾ ਅੰਧਿਆਰਾ ਗੁਰਮੁਖਿ ਬੂਝਿ ਹਰਿ ਗਵਾਨਿਆ......੨। ਤ੍ਰੈ ਗੁਣ ਪੜਹਿ ਹਰਿ ਤਤ ਨ ਜਾਣਹਿ। ਮੂਲਹੁ ਭੁਲੇ ਗੁਰ ਸਬਦੁ ਨ ਪਛਾਣਹਿ। ਮੋਹ ਬਿਆਪੇ ਕਿਛੁ ਸੂਝੈ ਨਾਹੀ ਗੁਰ ਸਬਦੀ ਹਰਿ ਪਾਵਣਿਆ । ਵੇਦੁ-ਪੁਕਾਰੈ ਤ੍ਰਿਬਿਧਿ ਮਾਇਆ । ਮਨਮੁਖ ਨ ਬੂਝਹਿ ਦੂਜੈ ਭਾਇਆ । ਤ੍ਰੈ ਗੁਣ ਪੜਹਿ ਹਰਿ ਏਕੁ ਨ ਜਾਣਹਿ ਬਿਨੁ ਬੂਝੈ ਦੁਖੁ ਪਾਵਣਿਆ ।

ਗੁਰਮਤਿ ਤੋਂ ਹੀਣੇ ਮਨਮੁਖ ਲੋਗ ਆਨਮਤਿ ਪੜ੍ਹਾਈਆਂ ਪੜਿ ਪੜਿ ਪੰਡਿਤ ਕਹਾਉਂਦੇ ਹਨ ਪਰੰਤੂ ਓਹ ਦੂਜੇ ਭਾਇ ਦੀ ਵਿਦਿਆ (ਨਿਰੀ ਅਵਿਦਿਆ) ਦੇ ਗਰਸੇ ਹੋਏ ਨਿਰਾ ਦੁਖ ਹੀ ਦੁਖ ਪਾਉਂਦੇ ਹਨ ਮਾਇਆ ਰੂਪੀ ਬਿਖਿਆ ਵਿਚ ਏਹ ਲਥ ਪਥ ਹੋਏ ਰਹਿੰਦੇ ਹਨ। ਏਹਨਾਂ ਬਿਖ ਮਾਇਆ ਮਤਿਆਂ ਨੂੰ ਮਨਮਤ ਤੋਂ ਪਰੇ ਸੁਝਦਾ ਹੀ ਕੁਛ ਨਹੀਂ ਇਸ ਦਾ ਨਤੀਜਾ ਇਹ ਹੁੰਦਾ ਹੈ ਕਿ ਚੁਰਾਸੀ ਦੇ ਗੇੜ ਵਿਚਿ ਪੈਕੇ ਮੁੜ ਘਿੜ ਜੂਨੀਆਂ ਵਿਚਿ ਹੀ ਜਾਂਦੇ ਹਨ। ਜੇਹੜੇ ਅਨਮਤੀ ਲੋਕ ਗੁਰਮਤਿ ਤੋਂ ਘੁਥੇ ਹੋਏ ਟਕਰਾਂ ਮਾਰ ਮਾਰ ਵੇਦ ਆਦਿਕ ਪੜ੍ਹਦੇ ਹਨ, ਅਨਮਤੀ ਘੋਖ ਵਿਦਿਆ ਪੜ੍ਹਿ ਪੜ੍ਹਿ ਵੇਦ ਪਾਠੀ ਬਣਦੇ ਓਹ ਹਰ ਦਮ ਕੁਰੱਸਾਂ ਵਿਚਿ ਹੀ ਗਰਸੇ ਰਹਿੰਦੇ ਹਨ। ਉਹ ਰਸ ਓਹਨਾਂ ਨੂੰ ਆਉਂਦਾ ਹੀ ਨਹੀਂ। ਬੇਦ ਪੜ੍ਹਾਕੂ ਬਾਦ ਬਿਬਾਦ ਦੇ ਝਗੜਿਆਂ ਵਿਚਿ ਹੀ ਝਗੜ ਝਗੜ ਕੇ ਮੋਹ ਮਾਇਆ ਦੇ ਮਠੇ ਹੋਏ ਆਪਣਾ ਜਨਮ ਗੰਵਾ ਲੈਂਦੇ ਹਨ। ਏਹਨਾਂ ਆਨਮਤ ਵਿਦਿਆ ਭਰਪੂਰੀ ਵੇਦਾਂ ਵਿਚ ਬਾਦ ਬਿਬਾਦ ਦੇ ਝਗੜਿਆਂ ਬਿਨਾਂ ਹੋਰ ਕੁਝ ਮਿਲਦਾ ਹੀ ਨਹੀਂ ਅਗਿਆਨ ਮਤ ਦੇ ਅੰਧਾਰੇ ਭੁੱਸ ਭੁਸਾਰੇ ਹੀ ਭਰੇ ਪਏ ਹਨ। ਅਗਿਆਨ ਮਤ ਕਰਕੇ ਏਹਨਾਂ ਵੇਦ ਮਤੀਸ਼ਰਾਂ ਦੇ ਅੰਦਰਿ ਅੰਧਿਆਰਾ ਹੀ ਭਰਿਆ ਰਹਿੰਦਾ ਹੈ। ਗੁਰਮਤਿ ਦੀ ਓਹਨਾਂ ਨੂੰ ਸੂਝ ਬੂਝ ਹੀ ਨਹੀਂ ਹੁੰਦੀ। ਏਹ ਨਾਮ ਅਭਿਆਸੀ ਸਿਫਿਤ ਸਾਲਾਹ ਦੇ ਸਾਸ ਗਿਰਾਸੀ ਸਾਰ ਗਿਰਾਹੀ ਗੁਰਮੁਖ ਜਨ ਹੀ ਹਨ ਜਿਨ੍ਹਾਂ ਨੂੰ ਗੁਰਮਤਿ ਸਚੀ ਸੂਝ ਬੂਝ ਆਉਂਦੀ ਹੈ। ਬੇਦਾਂ ਸਿਮਰਤੀਆਂ ਸ਼ਾਸਤਰਾਂ ਅੰਦਰ ਕੇਵਲ ਤ੍ਰੈਗੁਣੀ ਦੀ ਵਿਦਿਆ ਦਾ ਹੀ ਭੁਸ ਭਰਿਆ ਪਿਆ ਹੈ ਤ੍ਰੈਗੁਣਾਂ ਦੀ ਵਿਦਿਆ ਪੜ੍ਹਨ ਹਾਰਿਆਂ ਨੂੰ ਗੁਰਮਤਿ ਤੱਤ ਦੀ ਸਾਰ ਹੀ ਕੀ? ਗੁਰਮਤਿ ਨਾਮ ਅਭਿਆਸ ਮਈ ਤੱਤ ਵੀਚਾਰ ਨੂੰ ਧਾਰਦੇ ਹੀ ਨਹੀਂ ਜਾਣਦੇ ਹੀ ਨਹੀਂ ਕਿ ਗੁਰਮਤਿ ਤੱਤ (ਨਾਮ ਅਭਿਆਸ) ਕਿਸ ਵਸਤੂ ਦਾ ਨਾਮ ਹੈ ਏਹ ਆਨਮਤੀ ਲੋਗ ਆਨਮਤ ਅਵਿਦਿਆ ਦੇ ਅਭਿਮਾਨ ਕਰਕੇ ਮੁਢੋਂ ਹੀ ਘੁਥੇ ਹੋਏ ਹਨ। ਮੁਢੋਂ ਘੁਥੇ ਹੋਏ ਮੂਲੋਂ ਹੀ ਭੁਲੇ ਹੋਏ


www.AKJ.org

ਹੋਣ ਕਰਕੇ ਗੁਰਸ਼ਬਦ ਗੁਰਮਤਿ ਨਾਮ ਨੂੰ ਪਛਾਣਦੇ ਹੀ ਨਹੀਂ। ਨਿਸਦਿਨ ਮੋਹ ਮਾਇਆ ਮਈ ਅਵਿਦਿਆ ਵਿਚਿ ਖਚਤ ਰਹਿਣ ਕਰਕੇ ਏਹਨਾਂ ਨੂੰ ਗੁਰਮਤਿ ਗੁਰੂ ਘਰ ਦੀ ਸੂਝ ਬੂਝ ਆਉਂਦੀ ਹੀ ਨਹੀਂ। ਡੀਂਗਾਂ ਬੜੀਆਂ ਬੜੀਆਂ ਮਾਰਦੇ ਹਨ ਪਰਮਾਰਥ ਦੇ ਪਾਸੇ ਦੀਆਂ। ਕੂੜਾਵੀ ਅਵਿਦਿਆ ਮਈ ਗਿਆਨ (ਅਗਿਆਨ) ਹੀ ਘੋਟਦੇ ਰਹਿੰਦੇ ਹਨ ਤੇ ਇਸ ਬਿਧਿ ਅਲਾਉਂਦੇ ਹਨ ਕਿ ਅਸੀਂ ਪਰਮਾਰਥ ਨੂੰ ਪਾ ਲਿਆ ਹੈ। ਏਹ ਕੇਵਲ ਗੁਰਮਤਿ ਰੂਪੀ ਸਚੀ ਸੁਚੀ ਵਿਦਿਆ ਹੀ ਹੈ ਜਿਸ ਦੇ ਅਭਿਆਸ ਕੀਤਿਆਂ ਵਾਹਿਗੁਰੂ ਨਾਮ ਦੀ ਪ੍ਰਾਪਤੀ ਹੁੰਦੀ ਹੈ। ਹਿੰਦੂ ਮਤ ਮਤੀਸ਼ਰਾਂ ਦਾ ਸਭ ਤੋਂ ਵਡਾ ਫਖਰ ਵੇਦ ਸ਼ਾਸਤ੍ਰਾਂ ਦੀ ਵਿਦਿਆ ਦਾ ਹੈ ਸੋ ਓਹਨਾਂ ਦਾ ਵੇਦ ਕੇਵਲ ਤ੍ਰਿਬਿਧਿ ਦੀ ਪੜ੍ਹਾਈ ਹੀ ਸਿਖਾਉਂਦਾ ਹੈ। ਸੋ ਵੇਦ ਪੜ੍ਹਨਹਾਰੇ ਮਨਮੁਖ ਦੂਜੇ ਭਾਇ ਦੀ ਵਿਦਿਆ ਵਿਚ ਹੀ ਉਲਝੇ ਰਹਿੰਦੇ ਹਨ ਉਹਨਾਂ ਨੂੰ ਤੱਤ ਗੁਰਮਤਿ ਦੀ ਵਿਦਿਆ ਦੀ ਸੂਝ ਬੂਝ ਕਿਵੇਂ ਆਵੇ ਸ਼ਾਸਤਰ ਕੀ ਪੜ੍ਹਦੇ ਹਨ ਓਹ ਤਾਂ ਤ੍ਰੈਗੁਣਾਂ ਦੀ ਮਾਇਕ ਵਿਦਿਆ ਦੀਆਂ ਪੜ੍ਹਾਈਆਂ ਹੀ ਪੜ੍ਹਦੇ ਹਨ। ਇਕ ਅਕਾਲ ਪੁਰਖ ਦਾ ਤੱਤ ਗਿਆਨ ਦੀ ਸੂਝ ਬੂਝ ਦੇ ਬਸ ਦੁਖ ਹੀ ਦੁਖ ਪਾਉਂਦੇ ਹਨ ਤੱਤ ਗਿਆਨ ਗੁਰਮਤਿ ਨਾਮ ਤੋਂ ਛੁਟ ਹੋਰ ਸਾਰੀ ਉਪਾਸ਼ਨਾ ਦੂਜੇ ਭਾਇ ਦੀ ਉਪਾਸ਼ਨਾਂ ਹੀ ਹੈ। ਇਹ ਦੂਜੇ ਭਾਇ ਦੀਆਂ ਪੜ੍ਹਾਈਆਂ ਪੜ ਪੜ ਕੇ ਅਵਿਦਿਆ ਹੀ ਆਉਂਦੀ ਹੈ ਸਚੀ ਵਿਦਿਆ ਹੈ ਤਾਂ ਕੇਵਲ ਗੁਰਮਤਿ ਵਿਦਿਆ ਹੈ। ਕਚੀ ਆਨਮਤ ਪੜ੍ਹਾਈਆਂ ਵਾਲੀ ਵਿਦਿਆ ਨੂੰ ਪੜ੍ਹ ਕੇ ਉਚੀ ਸੁਚੀ ਬੂਝ ਨਹੀਂ ਬੂਝੀ ਜਾਂਦੀ। ਬਸ, ਏਨ੍ਹਾਂ ਤਰੈਗੁਣੀ ਮਾਇਆ ਦੀਆਂ ਪੜ੍ਹਾਈਆਂ ਕਰ ਕਰਕੇ ਵਿਦਿਆ ਤਾਂ ਕੀ ਆਉਣੀ ਸੀ ਕੇਵਲ ਮਾਇਆ ਕਾਰਨ ਹੀ ਲੁਝਦੇ ਰਹਿੰਦੇ ਹਨ। ਜੋ ਤਰੈਗੁਣੀ ਵਿਦਿਆ ਪੜ੍ਹਦਾ ਹੈ ਉਹ ਮਾਇਆ ਕਾਰਣ ਲੁਝਦਾ ਹੈ। ਮਾਇਆ ਦੇ ਬੰਧਨ ਪੈਖੜ ਹੀ ਉਸਦੇ ਤਰੈਗੁਣੀ ਜੀਵਨ ਨੂੰ ਬੰਧਨ ਵਿਚਿ ਹੀ ਪਾਉਂਦੇ ਰਹਿੰਦੇ ਹਨ ਇਹ ਤਰੈਗੁਣੀ ਬੰਧਨ ਟੁਟਦੇ ਹਨ ਤਾਂ ਗੁਰ ਸ਼ਬਦੀ ਹੀ ਟੁਟਦੇ ਹਨ ਤੇ ਗੁਰ ਸ਼ਬਦੀ ਹੀ ਮੁਕਤਿ ਪ੍ਰਾਪਤਿ ਹੁੰਦੀ ਹੈ। ਗੁਰ ਸ਼ਬਦ ਦੀ ਸਚੀ ਪੜ੍ਹਾਈ ਬਿਨਾਂ ਮਨ ਚੰਚਲ ਵਸ ਹੀ ਨਹੀਂ ਆਉਂਦਾ, ਦੁਬਿਧਾ ਵਿਚਿ ਲਗਿਆ ਹੋਇਆ ਦਹਿਦਿਸ ਧਾਵੰਦਾ ਫਿਰਦਾ ਹੈ ਤੇ ਨਿਰਾ ਬਿਖ ਦਾ ਕੀੜਾ ਹੀ ਬਣ ਰਹਿੰਦਾ ਹੈ। ਬਿਖ ਦਾ ਕੀੜਾ ਹੀ ਬਣ ਕੇ ਬਿਖਿਆ ਵਿਚ ਹੀ ਲੱਥ ਪੱਥ ਹੋ ਰਹਿੰਦਾ ਤੇ ਬਿਖਿਆ ਵਿਚਿ ਹੀ ਪਚਿ ਪਚਿ ਕੇ ਮਰ ਜਾਂਦਾ ਹੈ। ਯਥਾ ਗੁਰਵਾਕ:—

"ਦੂਜੇ ਭਾਇ ਪੜੇ ਨਹੀ ਬੂਝੈ ॥
ਤ੍ਰਿਬਿਧਿ ਮਾਇਆ ਕਾਰਣਿ ਲੂਝੈ ॥
ਤ੍ਰਿਬਿਧਿ ਬੰਧਨ ਤੂਟਹਿ ਗੁਰ ਸਬਦੀ ਗੁਰਸਬਦੀ ਮੁਕਤਿ ਕਰਾਵਣਿਆ ।੩।
ਇਹ ਮਨ ਚੰਚਲ ਵਸਿ ਨ ਆਵੈ ॥
ਦੁਬਿਧਾ ਲਾਗੈ ਦਹਦਿਸਿ ਧਾਵੈ ॥
ਬਿਖੁ ਕਾ ਕੀੜਾ ਬਿਖੁ ਮਹਿ ਰਾਤਾ ਬਿਖੁ ਹੀ ਮਾਹਿ ਪਚਾਵਣਿਆ ॥ ੪ ॥
ਮਾਝ ਮਹਲਾ ੫ ਘਰੁ ੧ ।
ਸਾਧਿਕ ਸਿਧ ਜਿਸੈ ਕਉ ਫਿਰਦੇ ।
ਬ੍ਰਹਮੇ ਇੰਦਰ ਧਿਆਇਨਿ ਹਿਰਦੇ ।
ਕੋਟਿ ਤੇਤੀਸਾ ਖੋਜਹਿ ਤਾਕਉ ਗੁਰ ਮਿਲਿ ਹਿਰਦੈ ਗਾਵਣਿਆ।੨।

ਸਿਧ ਸਾਧਿਕ ਅਨੇਕਾਂ ਆਨਮਤਾਂ ਦੇ ਖੋਜੀ ਪਰਮਾਤਮਾਂ ਦੇ ਪਾਵਨ ਕਾਰਨ ਐਧਰ ਉਧਰ ਬਥੇਰੇ ਭਜੇ ਫਿਰਦ ਹਨ ਬ੍ਰਹਮੇ ਇਦਰ ਆਦਿਕ ਹਿੰਦੂਆਂ ਦੇ ਦੇਵਤੇ ਭੀ ਆਪ ਹੁਦਰੇ ਹੀ ਪ੍ਰਮਾਤਮਾਂ ਦਾ ਧਿਆਨ ਧਰਦੇ ਹਨ। ਆਪਣੇ ਜਾਣੇ ਤਾਂ ਬਥੇਰਾ ਹਿਰਦਿਓਂ ਧਿਆਨ ਧਰਦੇ ਹਨ ਪਰ ਧਰਿਆ ਨਹੀਂ ਜਾਂਦਾ। ਤੇਤੀ ਕਰੋੜ ਹਿੰਦੂਆਂ ਦੇ ਦੇਵਤੇ ਇਸੇ ਪਰਕਾਰ ਪਰਮਾਤਮਾਂ ਦੇ ਖੋਜਣ ਦੇ ਤਰਲੇ ਲੈਂਦੇ ਫਿਰਦੇ ਹਨ, ਪਰ ਸਭ ਤਰਲੇ ਬਿਰਥੇ ਹੀ ਜਾਂਦੇ ਹਨ। ਆਨਮਤ ਤੇ ਮਨਮਤ ਦੀ ਖੋਜ ਦੁਆਰਾ ਜਾਂ ਐਉਂ ਕਹੋ ਕਿ ਮਨਮਤਿ ਭਰੀ


www.AKJ.Org

ਆਨਮਤਿ ਖੋਜ ਦੁਆਰਾ ਪਰਮਾਤਮਾਂ ਮਿਲਦਾ ਹੀ ਨਹੀਂ, ਮਿਲਦਾ ਹੈ ਤਾਂ ਗੁਰੂ ਨੂੰ ਮਿਲਿਆਂ ਹੀ ਮਿਲਦਾ ਹੈ। ਗੁਰੂ ਸਚਾ ਕੇਵਲ ਗੁਰੂ ਨਾਨਕ ਹੀ ਹੈ ਜੋ ਆਪਣੇ ਦਸੇ ਗੁਰ ਜਾਮਿਆਂ ਵਿਚ ਜਗਿਆਸੂ ਖੋਜੀਆਂ ਨੂੰ ਆਪਣੀ ਨਦਰ ਮੇਹਰ ਦੁਆਰਾ ਤਾਰ ਨਿਸਤਾਰ ਕੇ ਪਰਮਾਤਮਾ ਨਾਲ ਮਿਲਾਪ ਕਰਵਾਉਂਦਾ ਹੈ ਤੇ ਹਿਰਦੇ ਅੰਦਰਿ ਹੀ ਕਰਾਇ ਦੇਂਦਾ ਹੈ। ਇਸ ਬਿਧਿ ਗੁਰਮਤਿ ਦੀਖਿਆ ਵਾਲੇ ਖੋਜੀ ਜਨ ਗੁਰਮੁਖ ਸਿਖ ਸਵਕ ਹੋਇ ਕੇ ਗੁਰਮਤਿ ਨਾਮ ਅਭਿਆਸ ਦੀਆਂ ਕਮਾਈਆਂ ਕਰਦਿਆਂ ਤੇ ਗੁਰਮਤਿ ਨਾਮ ਨੂੰ ਕਮਾਇ ਕੇ ਅਤੇ ਵਾਹਿਗੁਰੂ ਦੇ ਗੁਣ ਗਾਇ ਗਾਇ ਕੇ ਇਸ ਪਰਕਾਰ ਹਿਰਦੇ ਅੰਦਰਿ ਹੀ ਉਸ ਦਾ ਧਿਆਨ ਜਮਾਇ ਲੈਂਦੇ ਹਨ ਉਸ ਨੂੰ ਪਰਤੱਖ ਪੇਖ਼ ਪੇਖ ਕੇ ਸਨਮੁਖ ਦਰਸ਼ਨ ਕਰਿ ਕਰਿ ਕੇ ਓਹਨਾਂ ਦਾ ਹਿਰਦਾ ਭਿਜ ਜਾਂਦਾ ਹੈ ਤੇ ਓਹ ਹਿਰਦਿਓਂ ਭਿਜ ਕੇ ਪਰਤੱਖ ਦਰਸ਼ਨ ਕਰਦੇ ਹੋਏ ਸਚੇ ਦਿਲੋਂ ਉਸਦੇ ਗੁਣ ਗਾਉਂਦੇ ਹਨ।

ਵਾਰ ਮਾਝ ਕੀ ਪਉੜੀ ੫ ॥
ਇਕਿ ਕੰਦ ਮੂਲ ਚੁਣਿ ਖਾਹਿ ਵਣ ਖੰਡ ਵਾਸਾ ॥
ਇਕ ਭਗਵਾ ਵੇਸੁ ਕਰਿ ਫਿਰਹਿ ਜੋਗੀ ਸੰਨਿਆਸਾ ॥
ਅੰਦਰਿ ਤਿਸ਼ਨਾ ਬਹੁਤ ਛਾਦਨ ਭੋਜਨ ਕੀ ਆਸਾ।
ਬਿਰਥਾ ਜਨਮ ਗਵਾਇ ਨ ਗਿਰਹੀ ਨ ਉਦਾਸਾ।
ਜਮ ਕਾਲ ਸਿਰਹੁ ਨ ਉਤਰੈ ਤ੍ਰਿਬਿਧਿ ਮਨਸਾ।
ਗੁਰਮਤੀ ਕਾਲੁ ਨ ਆਵੈ ਨੇੜੇ ਜਾ ਹੋਵੈ ਦਾਸਨਿ ਦਾਸਾ।
ਸਚਾ ਸਬਦੁ ਸਚੁ ਮਨਿ ਘਰ ਹੀ ਮਾਹ ਉਦਾਸਾ।
ਨਾਨਕ ਸਤਿਗੁਰੁ ਸੇਵਨਿ ਆਪਣਾ ਤੇ ਆਸਾ ਤੇ ਨਿਰਾਸਾ।

ਦੇਖੋ ਇਸ ਪਉੜੀ ਅੰਦਰਿ ਆਨਮਤੀਆਂ ਦੀ ਕੁਚੱਜ ਕਿਰਿਆ ਕੌਮੀ ਕੈਸੀ ਅਵੈੜੀ ਦਸੀ ਹੈ। ਇਕ ਤਾਂ ਆਨਮਤੀ ਉਪਾਸ਼ਕ ਐਸੇ ਹਨ ਜੋ ਗਾਜਰ ਮੂਲੀ ਕੰਦ ਮੂਲ ਚੁਣ ਕੇ ਖਾਣਿ ਵਿਚਿ ਹੀ ਤੱਤ ਉਪਾਸ਼ਨਾ ਦੇ ਸਾਰ ਗਿਰਾਹੀ ਬਣਦੇ ਹਨ ਤੇ ਜੰਗਲਾਂ ਵਾਲੀ ਧਰਤੀ ਵਿਚਿ ਹੀ ਆਪਣਾ ਵਾਸਾ ਰਖਦੇ ਹਨ। ਇਸ ਬਿਧਿ ਪਾਖੰਡ ਕਰ ਕਰ ਕੇ

ਆਨਮਤੀ ਆਮ ਲੋਕਾਂ ਨੂੰ ਭਰਮਾਉਂਦੇ ਹਨ ਤੇ
ਅਪਣੇ ਆਪਨੂੰ ਪਰਮਾਤਮਾਂ ਤਾਂਈ ਪੁਜਿਆ
ਜਣਾਉਂਦੇ ਹਨ। ਇਕ ਐਸੇ ਭੇਖਧਾਰੀ ਅਨਮਤ
ਹਨ ਕਿ ਭਗਵਾ ਭੇਸ ਕਰਕੇ ਹੀ ਬਿਚਰਦੇ ਫਿਰ
ਨੂੰ ਹੀ ਉਚ ਪਦਵੀ ਵਿਚਿ ਪੁਗਿਆ ਹੋਇਆ
ਨਿਜ ਤਾਂਈ ਗਰਦਾਨਦੇ ਹਨ। ਜੋਗ
ਧਾਰਨੀ ਜੋਗ ਅਤੇ ਸੰਨਿਆਸ ਆਸ਼੍ਰਮ
ਆਸ਼੍ਰਮੀ ਸੰਨਿਆਸੀ ਸਭ ਏਸੇ ਆਨਮਤੀ ਭੇਖਧਾਰ
ਪਖੰਡੀਆਂ ਦੀ ਸ਼੍ਰੇਣੀ ਵਿਚੋਂ ਹੀ ਹਨ। ਆਪ
ਜਾਣੇ ਤਾਂ ਜੋਗ ਸੰਨਿਆਸ ਵਾਲਾ ਤਿਆ
ਭੇਖ ਧਾਰਨ ਕਰਕੇ ਸੰਸਾਰੀ ਵਾਸ਼ਨਾ
ਦੀਆਂ ਤ੍ਰਿਸ਼ਨਾਵਾਂ ਤੋਂ ਆਪਣੇ ਆਪ ਨੂੰ ਅਤੀ
ਜ਼ਾਹਰ ਕਰਦੇ ਹਨ ਪਰ ਅੰਤਰਗਤੀ ਓਹਨਾਂ
ਮਨ ਅੰਦਰਿ ਤੀਬਰ ਤ੍ਰਿਸ਼ਨਾਂ ਮਾਇਕ ਪਦਾਰ
ਦੇ ਹਾਸਲ ਕਰਨ ਦੀ ਬਣੀ ਹੀ ਰਹਿੰਦੀ ਹੈ
ਛਾਦਨ ਭੋਜਨ ਦੀ ਇਛਾ ਓਹਨਾਂ ਦੀ ਮਿਟਦੀ
ਨਹੀਂ। ਬਸ ਏਸੇ ਬਿਧਿ ਪਾਖੰਡ ਭਰਮੀ ਭੇਖ ਧਾਰ
ਬਣ ਕੇ ਅਪਣਾ ਮਨੁਖੀ ਜਨਮ ਬਿਰਥਾ ਹੀ ਗੰ
ਲੈਂਦੇ ਹਨ ਨ ਓਹ ਗ੍ਰਿਸਤੀ ਹੀ ਰਹਿੰਦੇ ਹਨ
ਓਹਨਾਂ ਨੂੰ ਸਚੇ ਉਦਾਸੀ ਬਣਨ ਦਾ ਚੱਜ ਆਉਂ
ਹੈ ਕੱਚਾ ਉਦਾਸ ਭੇਖ ਧਾਰਨ ਕਰਕੇ ਅਤੇ ਗੇਰੂ ਰੰ
ਕਪੜੇ ਪਾ ਕੇ ਲੋਕਾਂ ਤਾਂਈ ਜਣਾਉਂਦੇ ਹਨ ਕਿ ਓ
ਪਰਮ ਪਦ ਨੂੰ ਪੁਜੇ ਹੋਏ ਹਨ। ਅਜੇਹੇ ਪਖੰਡੀ
ਦੇ ਸਿਰਾਂ ਉਪਰੋਂ ਜਮਕਾਲ ਦਾ ਡੰਡਾ ਉਤਰ
ਹੀ ਨਹੀਂ। ਤ੍ਰੈਗੁਣੀ ਵਾਸ਼ਨਾ ਹੋਣ ਕਰਕੇ ਮਾਇ
ਪਦਾਰਥਾਂ ਦੀ ਲਾਲਸਾ ਵਿਚ ਹੀ ਲੱਥ ਪੱਥ ਹੋ
ਲਿਬੜੇ ਰਹਿੰਦੇ ਹਨ। ਕਾਲ ਤਾਂ ਏਹਨਾਂ ਅਨਮਤ
ਆਂ ਦੇ ਸਿਰ ਤੇ ਕੂਕਦਾ ਹੀ ਰਹਿੰਦਾ ਹੈ। ਇ
ਕੇਵਲ ਗੁਰਮਤਿ ਹੀ ਹੈ ਜਿਸ ਦੇ ਧਾਰਨ ਕ
ਕਾਲ ਨੇੜੇ ਹੀ ਨਹੀਂ ਆਉਂਦਾ। ਗੁਰਮਤਿ
ਧਾਰਨੀ ਬਣ ਕੇ ਓਹ ਆਪਣਾ ਆਪ ਜਣਾਉ
ਨਹੀਂ ਬਲਿਕ ਸਭਸ ਦੀ ਰੇਣਕਾ ਹੋਇਕੇ ਅਪ
ਜਨਮ ਬਿਤਾਉਂਦੇ ਹਨ। ਬਸ ਦਾਸਨ ਦਾਸ
ਹੋਇ ਰਹਿੰਦੇ ਹਨ। ਅਜੇਹੇ ਦਾਸਨ ਦਾਸ

www.AKJ.Org

# ੦ঃ ਸ੍ਰੀ ਦਸਮੇਸ਼ ਜੀ ਦੇ ਬਣੋ ঃ੦

( ਭਾਈ ਗੁਰਚਰਨ ਸਿੰਘ ਜੀ ਐਮ.ਏ. )

ਅੱਜ ਦਾ ਯੁੱਗ ਜਿਥੇ ਸਾਇੰਸ ਦਾ ਯੁਗ ਹੈ, ਉਥੇ ਨਾਲ ਹੀ ਦਲੀਲਬਾਜ਼ੀ ਦਾ ਵੀ ਯੁਗ ਹੈ। ਕਹਿਣ ਨੂੰ ਤਾਂ ਹਰ ਕੋਈ ਸਾਇੰਸੀ ਸੋਚਣੀ ਦਾ ਮਾਲਕ ਬਣਿਆ ਫਿਰਦਾ ਹੈ, ਪਰ ਬਹੁਤੇ ਲੋਕ ਮਨ ਦੀ ਮੱਤ ਮਗਰ ਲਗਣ ਨੂੰ ਹੀ ਦਲੀਲਬਾਜ਼ੀ ਸਮਝਦੇ ਹਨ।

ਕਈ ਕਹੌਤੀ ਸਿੱਖ ਰਹਿਤ ਬਹਿਤ ਨਹੀਂ ਰਖਦੇ। ਭਾਵੇਂ ਗੁਰੂ ਘਰ ਨਾਲ ਥੋੜਾ ਬਹੁਤ ਪ੍ਰੇਮ ਰਖਦੇ ਹਨ। ਗੁਰਬਾਣੀ ਵੀ ਪੜ੍ਹਦੇ ਹਨ। ਕਦੀ ਕਦਾਈਂ ਜਾਂ ਰੋਜ਼ ਗੁਰਦੁਆਰੇ ਵੀ ਜਾਂਦੇ ਹਨ। ਜੇ ਅਜਿਹੇ ਸਿੱਖਾਂ ਨੂੰ ਪੁਛੋ ਕਿ ਤੁਸੀਂ ਅੰਮ੍ਰਿਤ ਕਿਉਂ ਨਹੀਂ ਛਕਦੇ ਜਾਂ ਅੰਮ੍ਰਿਤ ਛਕ ਕੇ ਰਹਿਤ ਬਹਿਤ ਕਿਉਂ ਨਹੀਂ ਰਖਦੇ ਤਾਂ ਉਹ ਝਟ ਜੁਆਬ ਦਿੰਦੇ ਹਨ ਕਿ ਅਸੀਂ ਤਾਂ ਗੁਰੂ ਨਾਨਕ ਸਾਹਿਬ ਦੇ ਸਿੱਖ ਹਾਂ। ਰਹਿਤ ਰਖਣ ਨਾਲ ਬਹੁਤੀ ਸਿਖੀ ਨਹੀਂ ਆ ਜਾਂਦੀ। ਅਜਿਹੇ ਵੀਰਾਂ ਨੂੰ ਸੋਚਣਾ ਚਾਹੀਦਾ ਹੈ ਕਿ ਜਿਸ ਮਾਰਗ ਨੂੰ ਗੁਰੂ ਨਾਨਕ ਦੇਵ ਜੀ ਨੇ ਆਰੰਭਿਆ, ਉਸ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪੂਰਨਤਾ ਦਿਤਾ। ਫ਼ਰਜ਼ ਕਰ ਲਉ ਇਕ ਵਿਦਿਆਰਥੀ ਦਸਵੀਂ ਪਾਸ ਕਰਨਾ ਚਾਹੁੰਦਾ ਹੈ। ਦਸਵੀਂ ਜਮਾਤ ਦਾ ਸਰਟੀਫੀਕੇਟ ਪ੍ਰਾਪਤ ਕਰਨ ਲਈ ਉਸਨੂੰ ਹਰ ਜਮਾਤ ਦੀਆਂ ਕਿਤਾਬਾਂ ਵਿਚੋਂ ਲੰਘਣਾ ਪਵੇਗਾ ਤੇ ਫਿਰ ਦਸਵੀਂ ਜਮਾਤ ਵਾਲੇ ਅਧਿਆਪਕ ਤੋਂ ਪੜ੍ਹਾਈ ਕਰ ਕੇ, ਉਸ ਦੇ ਦਸੇ ਹੋਏ ਤਰੀਕਿਆਂ ਤੇ ਅਮਲ ਕਰਕੇ ਹੀ ਉਹ ਦਸਵੀਂ ਜਮਾਤ ਦਾ ਸਰਟੀਫੀਕੇਟ ਲੈ ਸਕਦਾ ਹੈ। ਜੇ ਕੋਈ ਦਸਵੀਂ ਜਮਾਤ ਦਾ ਵਿਦਿਆਰਥੀ ਇਹ ਕਹੇ ਕਿ ਮੈਂ ਤਾਂ ਉਂਜ ਹੀ ਪੜ੍ਹਾਈ ਕਰਨੀ ਹੈ ਜਾਂ ਸਵਾਲ ਕਢਣੇ ਹਨ ਜਿਸ ਤਰ੍ਹਾਂ ਪਹਿਲੀ ਜਾਂ ਦੂਜੀ ਜਮਾਤ ਦਾ ਅਧਿਆਪਕ ਕਢਾਉਂਦਾ ਸੀ, ਤਾਂ ਉਹ ਦਸਵੀਂ ਜਮਾਤ ਦਾ ਸਰਟੀਫ਼ੀਕੇਟ ਪ੍ਰਾਪਤ ਕਰ ਸਕਦਾ ਹੈ ?

ਅਸਲ ਗੱਲ ਇਹ ਹੈ ਕਿ ਦਸਵੀਂ ਪਾਸ ਕਰਾਉਣ ਲਈ ਜਿਵੇਂ ਪਹਿਲੀ ਜਮਾਤ ਦਾ ਅਧਿਆਪਕ, ਪਹਿਲੀ ਜਮਾਤ ਵਿਚ ਪੜ੍ਹਦੇ ਵਿਦਿਆਰਥੀ ਨੂੰ ਦਸਵੀਂ ਜਮਾਤ ਦੀ ਪੜ੍ਹਾਈ ਨਹੀ ਕਰਵਾ ਸਕਦਾ, ਕਿਉਂਕਿ ਪਹਿਲੀ ਜਮਾਤ ਦਾ ਵਿਦਿਆਰਥੀ ਦਸਵੀਂ ਜਮਾਤ ਵਾਲੀਆਂ ਗਲਾਂ ਸਮਝਣ ਦੇ ਯੋਗ ਹੀ ਨਹੀ ਹੁੰਦਾ, ਤਿਵੇਂ ਹੀ ਪਹਿਲੇ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਸਿੱਖੀ ਦੀ ਪਹਿਲੀ ਅਵੱਸਥਾ ਵਿੱਚ ਪਹਿਲੀ ਜਮਾਤ ਵਿਚ ਪੜ੍ਹ ਰਹੇ ਸਿਖ ਨੂੰ ਉਹ ਪੜ੍ਹਾਈ ਕਿਵੇਂ ਕਰਵਾ ਸਕਦੇ ਸਨ, ਜੋ ਦਸਵੀਂ ਜਮਾਤ ਵਿਚ ਕਰਵਾਈ ਜਾਣੀ ਸੀ।

---

***ਰਹੇ ਗੁਰਮੁਖਿ ਜਨ ਦੇ ਮਨ ਵਿਖੇ ਸਚਾ ਸਬਦ ਗੁਰਮੰਤਰ ਸਦਾ ਵਸਿਆ ਹੀ ਰਹਿੰਦਾ ਹੈ। ਇਸ ਸ਼ਬਦ ਗੁਰਮੰਤਰ ਦੇ ਅਭਿਆਸ ਦਾ ਪ੍ਰਤਾਪ ਕਰਕੇ ਗਰਿਸਤ ਅੰਦਰਿ ਹੀ ਉਦਾਸ ਸਭ ਵਾਸ਼ਨਾਵਾਂ ਤੋਂ ਨਿਰਵਾਸ਼ ਤੇ ਅਲਿਪਤ ਰਹਿ ਕੇ ਆਪਣਾ ਜੀਵਣ ਬਿਤਾਉਂਦੇ ਹਨ:—**

ਗੁਰਸਿਖ ਜੋਗੀ ਜਾਗਦੇ ਮਾਇਆ ਅੰਦਰਿ ਕਰਨ ਉਦਾਸੀ ॥
ਯਥਾ-ਜੈਸੇ ਜਲ ਮਹਿ ਕਵਲ ਨਿਰਾਲਮ ਮੁਰਗਾਈ ਨੈਸਾਣੇ ॥
ਸਬਦ ਸੁਰਤਿ ਭਵ ਸਾਗਰ ਤਰੀਐ ਨਾਨਕ ਨਾਮ ਵਖਾਣੇ ॥

**ਗੁਰਵਾਕਾਂ ਦੇ ਭਾਵ ਆਸ਼ੇ ਅਨੁਸਾਰ ਸਚੇ ਗ੍ਰਿਸਤ ਉਦਾਸੀ ਰਾਜ ਜੋਗੀ ਹੀ ਬਣ ਰਹਿੰਦੇ ਹਨ। ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਜੋ ਸਤਿਗੁਰੂ ਦੇ ਸਚੇ ਗੁਰਸਿਖ ਸੇਵਕ ਤੇ ਅਨਿੰਨ ਉਪਾਸ਼ਕ ਹਨ ਉਹਨਾਂ ਦੀ ਆਤਮ ਬਿਵਸਥਾ ਉਪਰ ਦਸੇ ਅਨੁਸਾਰ ਆਸਾ ਤੋਂ ਨਿਰਾਸਾ ਪਦ ਵਾਲੀ ਹੁੰਦੀ ਹੈ।**


www.AKJ.Org

ਪਹਿਲੀ ਜਮਾਤ ਦੀ ਅਵਸਥਾ ਵਿਚ ਉਹ ਰਹਿਤ ਰਖਣ ਦਾ ਕਿਵੇਂ ਹੁਕਮ ਦੇ ਸਕਦੇ ਸਨ, ਜੋ ਦਸਵੀਂ ਜਮਾਤ ਦੀ ਅਵਸਥਾ ਵਿਚ ਰਖੀ ਜਾਣੀ ਸੀ। ਇਸ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪਹਿਲੀ ਅਵਸਥਾ ਵਿਚ ਆਪਣੇ ਸਿਖ ਨੂੰ ਉਹੋ ਸਬਕ ਦਿਤਾ ਜੋ ਉਹ ਸਿਖਣ ਦੇ ਯੋਗ ਸੀ। ਉਹੋ ਰਹਿਤ ਜਾਂ ਸੰਜਮ ਧਾਰਨ ਦਾ ਉਪਦੇਸ਼ ਦਿਤਾ ਜੋ ਉਹ ਧਾਰ ਸਕਦਾ ਸੀ। ਦਸਵੀਂ ਅਵਸਥਾ ਵਿਚ ਸ੍ਰੀ ਦਸਮੇਸ਼ ਜੀ ਨੇ ਇਹ ਜਾਣਕੇ ਕਿ ਮੇਰਾ ਸਿਖ ਨੌ ਜਮਾਤਾਂ ਪਾਸ ਕਰ ਗਿਆ ਹੈ, ਹੁਣ ਦਸਵੀਂ ਅਵਸਥਾ ਜਾ ਜਮਾਤ ਵਿਚ ਸਿਰ ਦੇਣ ਦੇ ਯੋਗ ਹੈ ਤਾਂ ਸ੍ਰੀ ਦਸਮੇਸ਼ ਜੀ ਨੇ ਸਿਰ ਲੈ ਕੇ ਖੰਡੇ ਦਾ ਅੰਮ੍ਰਿਤ ਬਖਸ਼ਿਆ ਤੇ ਹੁਕਮ ਦਿਤਾ—ਅਜ ਤੋਂ ਮੇਰਾ ਸਿਖ ਚਾਰ ਕੁਰਹਿਤਾਂ ਤੋਂ ਜ਼ਰੂਰ ਬਚੇ ਤੇ ਪੰਜ ਰਹਿਤਾਂ ਜ਼ਰੂਰ ਰਖੇ। ਇਸ ਅੰਦਰਲੀ ਬਾਹਰਲੀ ਰਹਿਤ ਦੀ ਮਹਾਨਤਾ ਨੂੰ ਦਰਸਾਉ ਦਿਆਂ ਹੋਇਆਂ ਸ੍ਰੀ ਦਸਮੇਸ਼ ਜੀ ਨੇ ਫ਼ੁਰਮਾਇਆ—

ਰਹਿਣੀ ਰਹੈ ਸੋਈ ਸਿਖ ਮੇਰਾ ॥

ਭਾਵ ਮੇਰਾ ਸਿਖ ਹੀ ਉਹ ਹੈ ਜੋ ਅੰਦਰਲੀ ਬਾਹਰਲੀ ਰਹਿਤ ਰਖੇ। ਜਦੋਂ ਕੋਈ ਵਿਦਿਆਰਥੀ ਦਸਵੀਂ ਪਾਸ ਕਰ ਲੈਂਦਾ ਹੈ ਤਾਂ ਉਸ ਨੂੰ ਦਸਵੀਂ ਪਾਸ ਹੋਣ ਦਾ ਸਰਟੀਫੀਕੇਟ ਮਿਲਦਾ ਹੈ, ਪਰ ਇਹ ਸਰਟੀਫੀਕੇਟ ਉਸ ਨੇ ਨਿਰਾ ਦਸਵੀਂ ਦੀ ਪੜ੍ਹਾਈ ਕਰਕੇ ਨਹੀਂ ਲਿਆ ਹੁੰਦਾ ਸਗੋਂ ਦਸਵੇਂ ਸਾਲ ਦੀ ਪੜ੍ਹਾਈ ਦੇ ਨਾਲ ਪਿਛਲੇ ਨੌਂ ਸਾਲ ਦੀ ਪੜ੍ਹਾਈ ਵੀ ਸ਼ਾਮਲ ਹੁੰਦੀ ਹੈ। ਉਹ ਪਿਛਲੇ ਨੌਂ ਸਾਲ ਵਖੋ ਵਖ ਅਧਿਆਪਕਾਂ ਤੋਂ ਵਖੋ ਵਖ ਤਰ੍ਹਾਂ ਦੀ ਸਿਖਿਆ ਲੈਂਦਾ ਰਿਹਾ ਹੁੰਦਾ ਹੈ ਤਾਂ ਹੀ ਉਹ ਦਸਵੀਂ ਜਮਾਤ ਦੀ ਪੜ੍ਹਾਈ ਕਰਨ ਦੇ ਯੋਗ ਹੋਇਆ ਹੁੰਦਾ ਹੈ। ਦਸਵੀਂ ਜਮਾਤ ਵਿਚ ਉਸ ਦੀ ਸਮਝ ਬੜੀ ਬਰੀਕ ਹੋ ਗਈ ਹੁੰਦੀ ਹੈ ਤੇ ਉਸ ਦੇ ਗਿਆਨ ਦਾ ਘੇਰਾ ਚੋੜਾ ਹੋ ਗਿਆ ਹੁੰਦਾ ਹੈ। ਭਾਵੇਂ ਉਸ ਨੇ ਪਿਛਲੇ ਨੌਂ ਸਾਲ ਕਈ ਤਰ੍ਹਾਂ ਦੇ ਮਜ਼ਮੂਨ ਪੜ੍ਹੇ ਹੁੰਦੇ ਹਨ, ਪਰ ਨੌਵੀਂ ਦਸਵੀਂ ਜਮਾਤ ਵਿਚ ਉਹ ਕੁਝ ਅਜਿਹੇ ਮਜ਼ਮੂਨ ਹੀ ਰਖਦਾ ਹੈ। ਜੋ ਸਾਰਿਆਂ ਪਿਛਲੇ ਪੜੇ ਮਜ਼ਮੂਨਾਂ ਦਾ ਨਚੋੜ ਹੁੰਦੇ ਹਨ ਤੇ ਆਉਣ ਵਾਲੇ ਰੋਜ਼ਾਨਾ ਜੀਵਨ ਵਿਚ ਉਸ ਨੂੰ ਵਧੇਰੇ ਕੰਮ ਦੇ ਸਕਦੇ ਹਨ। ਇਹਨਾਂ ਜ਼ਰੂਰੀ ਮਜ਼ਮੂਨਾਂ ਨੂੰ ਪਾਸ ਕਰਕੇ ਉਹ ਪੜ੍ਹੇ ਲਿਖੇ ਹੋਣ ਦਾ ਸਰਟੀਫੀਕੇਟ ਲੈ ਲੈਂਦਾ ਹੈ, ਜੋ ਰੋਜ਼ੀ ਕਮਾਉਣ ਵਾਲੇ ਰੁਜ਼ਗਾਰ ਲਭਣ ਵਿਚ ਸਹਾਇਤਾ ਕਰਦਾ ਹੈ। ਤਿਵੇਂ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਪਰਕਾਸ਼ ਤੋਂ ਲੈ ਕੇ 13 ਅਪਰੈਲ 1699 ਦੀ ਵਿਸਾਖੀ ਤਕ ਦਸਾਂ ਜਾਮਿਆਂ ਵਿਚ ਆਪਣੇ ਸਿੱਖ ਨੂੰ ਸਿਖੀ ਜੀਵਨ ਦੀ ਪੜ੍ਹਾਈ ਕਰਾਈ। ਇਹ ਸਾਰੀ ਪੜ੍ਹਾਈ ਦੀ ਨੀਂਹ ਸ੍ਰੀ ਗੁਰੂ ਗ੍ਰੰਥ ਸਾਹਿਬ (ਮਹਾਨ ਗਾਈਡ) ਜੀ ਨੂੰ ਮੁਖ ਰਖਕੇ ਕਰਾਈ ਗਈ। 13 ਅਪਰੈਲ ਤਕ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਤਸੱਲੀ ਹੋ ਗਈ, ਕਿ ਮੇਰਾ ਸਿੱਖ ਨੌ ਜਮਾਤਾਂ ਕਰ ਚੁਕਾ ਹੈ। ਜਦੋਂ ਇਹ ਸਿੱਖੀ ਜੀਵਨ ਲਈ ਸਿਰ ਦੇਣ ਦੇ ਯੋਗ ਹੋ ਗਿਆ ਤਾਂ ਦਸਵੇਂ ਜਾਮੇਂ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਖੰਡੇ ਦਾ ਅੰਮ੍ਰਿਤ ਦੇ ਕੇ ਉੱਚੀ ਸੁਚੀ ਰਹਿਤ ਬਹਿਤ ਬਖਸ਼ੀ। ਇਹ ਅੰਮ੍ਰਿਤ ਕੀ ਹੈ—ਇਹ ਅੰਦਰਲੀ ਬਾਹਰਲੀ ਰਹਿਤ ਕੀ ਹੈ—ਗੁਰੂ ਦੇ ਸਿੱਖ ਹੋਣ ਦਾ ਸਰਟੀਫੀਕੇਟ ਹੈ। ਬਸ ਸ੍ਰੀ ਦਸਮੇਸ਼ ਜੀ ਨੇ ਆਪਣੇ ਸਿੱਖ ਨੂੰ (ਖਾਲਸੇ) ਦਾ ਨਾਮ ਦੇ ਕੇ ਸਿੱਖੀ ਜੀਵਨ ਦਾ ਸ਼ਰਟੀਫੀਕੇਟ ਦੇ ਦਿਤਾ।

ਇਹ ਠੀਕ ਹੈ ਕਿ ਸਾਰੇ ਪੜ੍ਹਨ ਵਾਲੇ ਵਿਦਿਆਰਥੀ ਦਸਵੀਂ ਦਾ ਸਰਟੀਫ਼ੀਕੇਟ ਪ੍ਰਾਪਤ ਨਹੀਂ ਕਰਦੇ। ਕਈ ਵਿਚ ਵਿਚਾਲਿਉਂ ਹੀ ਹਟ ਜਾਂਦੇ ਹਨ, ਪਰ ਵਿਚ ਵਿਚਾਲਿਉਂ ਹਟਣ ਵਾਲੇ ਇਹ ਤਾਂ ਨਹੀਂ ਕਹਿ ਸਕਦੇ ਕਿ ਅਸੀਂ ਵੀ ਦਸਵੀਂ ਪਾਸ ਹਾਂ। ਦਸਵੀਂ ਪਾਸ ਉਹੀ ਅਖਵਾਏਗਾ ਜੋ ਦਸਵੀਂ ਪਾਸ ਹੋਣ ਦਾ ਸਰਟੀਫੀਕੇਟ ਲਵੇਗਾ, ਪਰ ਜਿਹੜਾ ਵਿਦਿਆਰਥੀ ਦਸਵੀਂ ਪਾਸ ਵਿਦਿਆਰਥੀਆਂ ਦੇ ਹੁੰਦਿਆ ਇਹ ਕਹਿੰਦਾ ਫਿਰੇ ਕਿ ਮੈਨੂੰ ਤਾ ਦਸਵੀਂ ਪਾਸ ਸਰਟੀਫੀਕੇਟ ਦੀ ਲੋੜ ਹੀ ਨਹੀਂ. ਕਿਉਂਕਿ ਮੈਂ ਵੀ ਪਹਿਲੀ ਦੂਜੀ ਦੇ ਅਧਿਆਪਕ ਕੋਲ ਪੜਦਾ ਰਿਹਾ ਹਾਂ, ਜਾਂ ਮੈਂ ਵੀ ਪੜ੍ਹੇ ਹੋਣ ਦਾ ਮਾਣ ਕਰ ਸਕਦਾ ਹਾਂ, ਕਿਉਂਕਿ ਮੇਰੇ ਕੋਲ ਪੰਜਵੀਂ ਪਾਸ ਕਰਨ ਦਾ ਸਰਟੀਫੀਕੇਟ ਹੈ—ਕੀ ਅਸੀਂ ਅਜਿਹੇ ਵਿਦਿਆਰਥੀ ਨੂੰ ਸਿਆਣਾ ਜਾਂ ਦਸਵੀਂ ਪੜ੍ਹਿਆ ਹੋਇਆ ਕਹਿ ਸਕਦੇ ਹਾਂ ਨਹੀਂ—ਕਦੀ ਵੀ ਨਹੀਂ।

ਦਸਵੀਂ ਦਾ ਸਰਟੀਫੀਕੇਟ ਪ੍ਰਾਪਤ ਕਰਨ ਲਈ ਤ ਦਸਵੀਂ ਜਮਾਤ ਦੇ ਅਧਿਆਪਕ ਕੋਲ ਪੜ੍ਹ ਕੇ ਇਮਤਿਹਾ ਦੇਣਾ ਹੀ ਪਵੇਗਾ ਤਾਂ ਹੀ ਸਰਟੀਫੀਕੇਟ ਮਿਲ ਸਕਦਾ ਹੈ ਤਿਵੇਂ ਸ੍ਰੀ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੇ ਸਿ ਅਖਵਾਉਣ ਲਈ ਤਾ ਖੰਡੇ ਦਾ ਅੰਮ੍ਰਿਤ ਛਕਕੇ ਰਹਿਤ ਬਹਿ ਰਖਣੀ ਹੀ ਪਵੇਗੀ ਤਾਂ ਹੀ ਅਸੀਂ ਸ੍ਰੀ ਦਸਮੇਸ਼ ਜੀ ਦੇ ਸਿ (ਸਰਟੀਫੀਕੇਟ ਵਾਲੇ ਸਿੱਖ) ਅੱਖਵਾ ਸਕਦੇ ਹਾਂ।

ਇਹ ਠੀਕ ਹੈ ਕਿ ਕਈਆਂ ਨੇ ਨਕਲ ਮਾਰ ਸਰਟੀਫੀਕੇਟ ਲਿਆ ਹੁੰਦਾ ਹੈ ਜਾਂ ਕਈਆਂ ਨੇ ਤੀਜੇ ਦਰਜੇ

www.AKJ.Org

# ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦੇ ਅਸਲ ਕਾਰਨ ਕੀ ਸਨ ?

ਗਿਆਨੀ ਜਸਮੇਰ ਸਿੰਘ "ਪਾਲ" (ਚੰਡੀਗੜ੍ਹ)

ਗੁਰੂ ਨਾਨਕ ਸਾਹਿਬ ਚਾਹੁੰਦੇ ਸਨ ਕਿ ਜਨਤਾ ਗੁਲਾਮੀ ਦੇ ਬੰਧਨਾਂ ਤੋਂ ਖਲਾਸ ਹੋਵੇ। ਜਿਊਂਦੀ ਜਾਗਦੀ ਕੌਮ ਗੁਲਾਮੀ ਦੇ ਸੰਗਲਾਂ ਨੂੰ ਪਰੇ ਲਾਹ ਮਾਰਦੀ ਹੈ। ਗੁਰੂ ਨਾਨਕ ਜੀ ਨੇ ਲੋਧੀ ਪਠਾਨਾਂ ਦੀ ਬੁਜ਼ਦਿਲੀ ਦਾ ਨਿਖੇਧ ਕੀਤਾ। ਧਾੜਵੀ ਬਾਬਰ ਨੂੰ ਜਾਬਰ ਆਖਿਆ। ਸੱਚ ਕੀ ਬਾਣੀ ਸੱਚ ਕੀ ਵੇਲਾ ਆਖ ਵਿਖਾਈ। ਆਖੀ ਵੀ ਐਨ ਮੂੰਹ ਉਤੇ ਪਿਛੋਂ ਆਖਣ ਦਾ ਲਾਭ ਹੀ ਕੀ ਸੀ? ਪਰਾਈ ਬੋਲੀ ਦੇ ਵਰਤਾਰੇ ਨੂੰ ਭੰਡਿਆ, ਮਲੇਛ ਪੁਣੇ ਵਿਰੁਧ ਅਵਾਜ਼ ਉਚੀ ਕੀਤੀ। ਭਾਰਤੀਆਂ ਦੀ ਹੋ ਰਹੀ ਭੈੜੀ ਦੁਰਦਸ਼ਾ ਤੇ ਪਤਨ ਦਾ ਵੀ ਜ਼ਿਕਰ ਕੀਤਾ। ਆਪਣੇ ਰੱਬ ਨੂੰ ਵੀ ਖਰੀਆਂ ਆਖ ਸੁਣਾਈਆਂ ਮੁਗਲ ਫ਼ੌਜਾਂ ਨੂੰ ਪਾਪ ਦੀ ਜੰਞ ਆਖ ਕੇ ਤਿਰ-ਸਕਾਰਿਆਂ। ਕਿਸੇ ਵੀ ਮੁਲਕ ਦੀ ਕੋਈ ਵੀ ਹਕੂਮਤ ਇਹੋ ਜਿਹੇ ਪ੍ਰਚਾਰ ਨੂੰ ਕਦੇ ਵੀ ਸਹਾਰ ਨਹੀਂ ਸਕਦੀ ਸੀ। ਬਾਬਰ ਨੇ ਗੁਰੂ ਨਾਨਕ ਨੂੰ ਉਨਾਂ ਦੇ ਸਾਥੀਆਂ ਸਮੇਤ ਜਿਹਲ ਵਿਚ ਸੁਟਿਆ। 'ਬਾਬੇ ਕਿਆਂ' ਤੇ 'ਬਾਬਰ ਕਿਆਂ' ਦੀ ਇਉਂ ਟੱਕਰ ਸ਼ੁਰੂ ਹੋ ਗਈ। ਇਸ ਸੰਘਰਸ਼ ਦੇ ਕਈ ਪ੍ਰਤੀ ਕਰਮ ਉਘੜੇ। ਬਾਬਰ ੧੫੩੦ ਈਸਵੀ ਵਿਚ ਕੂਚ ਕਰ ਗਿਆ। ਉਸ ਦਾ ਪੁਤਰ ਹਮਾਯੂੰ ਤਖਤ ਉਤੇ ਬੈਠਾ। ਉਹ ਰਾਜ ਕਾਜ ਦੇ ਘਰੋਗੀ ਮਸਲਿਆਂ

---

*ਵਿਚ ਦਸਵੀਂ ਪਾਸ ਕੀਤੀ ਹੁੰਦੀ ਹੈ। ਅਜਿਹੇ ਸਰਟੀਫੀਕੇਟਾਂ ਨੂੰ ਜੀਵਨ ਵਿਚ ਕੋਈ ਨਹੀਂ ਪੁਛਦਾ ਜਾਂ ਅਜਿਹੇ ਸਰਟੀਫੀਕੇਟਾਂ ਦੀ ਕਦਰ ਘਟ ਹੀ ਹੁੰਦੀ ਹੈ। ਇਉਂ ਹੀ ਕਈ ਰਹਿਤ ਰਖਣ ਵਾਲੇ ਸਿੱਖ ਵੀ ਉੱਚੇ, ਜੀਵਨ ਵਾਲੇ ਨਹੀ ਹੁੰਦੇ। ਜਾ ਉਨ੍ਹਾਂ ਨੇ ਕੇਵਲ ਦਿਖਾਵੇ ਮਾਤਰ ਰਹਿਤ ਰਖੀ ਹੁੰਦੀ ਹੈ। ਪਰ ਇਹ ਤਾਂ ਆਪਣੀ ਮਿਹਨਤ ਹੈ—ਜਿੰਨੀ ਕੋਈ ਮਿਹਨਤ ਕਰੇ-ਉਹੋ ਜਿਹੀ ਡਵੀਜ਼ਨ ਲੈਕੇ ਜੀਵਨ ਵਿਚ ਸਫਲਤਾ ਪ੍ਰਾਪਤ ਕਰ ਲਵੇ। ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਵੀ ਦਸਵੇ ਅਧਿਆਪਕ, ਦਸਵੇਂ ਸਤਿਗੁਰੂ ਦੀ ਸਿਖਸ਼ਾ ਅਨੁਸਾਰ ਖੰਡੇ ਦਾ ਅੰਮ੍ਰਿਤ ਛੱਕ ਕੇ ਪੂਰੀ ਰਹਿਤ ਬਹਿਤ ਰਖੀਏ ਤੇ ਚੰਗੇ ਦਰਜੇ ਵਿਚ ਸਿੱਖ ਹੋਣ ਦਾ ਸਰਟੀਫੀਕੇਟ ਪ੍ਰਾਪਤ ਕਰੀਏ।

ਜਦ ਦਸਵੀਂ ਜਮਾਤ ਦਾ ਅਧਿਆਪਕ ਤੇ ਸਲੇਬਸ ਤੇ ਪਾਸ ਹੋਣ ਦਾ ਸਰਟੀਫ਼ੀਕੇਟ ਸਾਡੇ ਸਾਹਮਣੇ ਹੈ-ਪਰ ਇਹ ਕਿਥੋਂ ਦੀ ਸਿਆਣਪ ਹੋਵੇਗੀ ਕਿ ਅਸੀਂ ਇਹ ਕਹਿਕੇ ਆਪਣੇ ਆਪ ਨੂੰ ਭੀ ਝੂਠੀ ਜਿਹੀ ਤਸਲੀ ਦੇ ਲਈਏ ਕਿ ਮੈਂ ਤਾਂ ਪਹਿਲੀ ਜਮਾਤ ਵਾਲੇ ਜਾ ਪੰਜਵੀਂ ਜਮਾਤ ਵਾਲੇ ਅਧਿਆਪਕ ਦੀ ਸਿਖਿਆ ਨੂੰ ਹੀ ਗ੍ਰਹਿਣ ਕਰੀ ਰਖਣਾ ਹੈ। ਜਿਵੇਂ ਸਿਆਣਾ ਤੇ ਲਾਇਕ ਵਿਦਿਆਰਥੀ ਦੱਸਾਂ ਸਾਲਾਂ ਵਿਚ ਦਸਵੀਂ ਪਾਸ ਹੋਣ ਦਾ ਸਰਟੀਫ਼ੀਕੇਟ ਲੈ ਲੈਂਦਾ ਹੈ ਤਿਵੇਂ ਹੀ ਸਾਨੂੰ ਵੀ ਸਾਰੇ ਗੁਰੂ ਸਾਹਿਬਾਨ ਦੀ ਸਿਖਿਆ ਨੂੰ ਸਮਝਕੇ ਸ੍ਰੀ ਦਸਮੇਸ਼ ਜੀ ਦੀ ਤੱਤ ਤੇ ਪੂਰਨ ਰਹਿਤ ਮਰਯਾਦਾ ਨੂੰ ਸਮਝਣਾ ਚਾਹੀਦਾ ਹੈ ਤੇ ਪੂਰਨ ਗੁਰਸਿਖ ਬਣਨ ਦਾ ਯਤਨ ਕਰਨਾ ਚਾਹੀਦਾ ਹੈ। ਆਉ! ਪਿਆਰਿਓ—ਝੂਠੀਆਂ ਦਲੀਲਾਂ ਤੇ ਢੋਂਕਬਾਜ਼ੀਆਂ ਡੱਡਕੇ ਸ੍ਰੀ ਦਸਮੇਸ ਜੀ ਦਾ ਅੰਮ੍ਰਿਤ ਛਕੀਏ ਤੇ ਪੂਰਨ ਗੁਰਸਿਖ ਹੋਣ ਦਾ ਮਾਣ ਕਰ ਸਕੀਏ।

ਅੰਮ੍ਰਿਤ ਪੀਵੋ ਸਾਧੂ ਪਿਆਰੇ ॥
ਮੁਖ ਊਜਲ ਸਾਚੇ ਦਰਬਾਰੇ ॥

www.AKJ.Org

ਵਲ ਧਿਆਨ ਨਾ ਦੇ ਸਕਿਆ। ਸ਼ੇਰ ਸ਼ਾਹ ਸੂਰੀ ਨੇ ਉਸ ਨੂੰ ਹਰਾ ਕੇ ਤਖਤ ਛਡਣ ਉਤੇ ਮਜਬੂਰ ਕੀਤਾ। ਹਮਾਯੂੰ ਨੂੰ ਸਿੱਖ ਗੁਰੂਆਂ ਬਾਰੇ ਵਾਕਫੀਅਤ ਹੋਣੀ ਕੁਦਰਤੀ ਸੀ। ਹਮਾਯੂੰ ਜਦੋਂ ੧੫੪੦ ਈ: ਵਿਚ ਖੰਡੂਰ ਸਾਹਿਬ ਕੋਲੋਂ ਦੀ ਲੰਘਿਆ ਤਦੋਂ ਗੁਸੇ ਵਿਚ ਉਸ ਗੁਰੂ ਅੰਗਦ ਦੇਵ ਜੀ ਵਿਰੁਧ ਤਲਵਾਰ ਚੁਕੀ। ਗੁਰੂ ਅੰਗਦ ਦੇਵ ਜੀ ਉਸ ਸਮੇਂ ਰਹਿਰਾਸ ਦਾ ਪਾਠ ਕਰ ਰਹੇ ਸਨ। ਪਾਠ ਤੋਂ ਵਿਹਲੇ ਹੋਏ ਓਹਨਾਂ ਆਖਿਆ ਰਖ ਇਸ ਨੂੰ ਮਿਆਨ ਵਿਚ, ਇਹ ਫਕੀਰਾਂ ਤੇ ਨਹੀਂ ਚਲਣ ਲਗੀ। ਸ਼ੇਰ ਸ਼ਾਹ ਨਾਲ ਲੜ ਕੇ ਇਹ ਖੁੰਢੀ ਹੋ ਚੁੱਕੀ ਹੈ.........

ਹਮਾਯੂੰ ਆਪ ਫਸਿਆ ਹੋਇਆ ਸੀ ਉਸ ਖਾਸ ਖਿਆਲ ਨਾ ਕੀਤਾ। ਸਰਮਸ਼ਾਰ ਵੀ ਹੋਇਆ। ਪੰਦਰਾਂ ਵਰੇ ਉਹ ਧਕੇ ਖਾਂਦਾ ਰਿਹਾ। ਈਰਾਨ ਦੇ ਬਾਦਸ਼ਾਹ ਦੀ ਸਹਾਇਤਾ ਨਾਲ ੧੫੫੫ ਵਿਚ ਉਹ ਮੁੜ ਭਾਰਤ ਤੇ ਕਬਜ਼ਾ ਕਰ ਸਕਿਆ। ਅਜੇ ਤਖਤ ਤੇ ਬੈਠਿਆਂ ਛੇ ਕੁ ਮਹੀਨੇ ਲੰਘੇ ਸਨ ਕਿ ਲਾਇਬਰੇਰੀ ਦੀਆਂ ਪੌੜੀਆਂ ਤੋਂ ਡਿਗ ਕੇ ਚਲ ਬਸਿਆ। ਹਮਾਯੂੰ ਨੂੰ ਜ਼ਿੰਦਗੀ ਵਿਚ ਵੇਲਾ ਨਾ ਲਗਾ ਕਿ ਉਹ ਗੁਰੂ ਸਾਹਿਬ ਨਾਲ ਟਕਰ ਲੈ ਸਕੇ ਅਕਬਰ ੧੫੫੬ ਈਸਵੀ ਵਿਚ ਤਖਤ ਉਤੇ ਬੈਠਾ ਅਕਬਰ ਸੁਲਹ ਕੁਲ ਸੀ। ਅਕਬਰ ਨੇ ਅਬਾਦਤ ਖਾਨਾ ਬਣਾਇਆ ਅਮਰ ਦਾਸ ਤੇ ਗੁਰੂ ਰਾਮ ਦਾਸ ਜੀ ਦੇ ਸਮੇਂ ਵਿਰੋਧੀਆਂ ਨੇ ਈਰਖਾ ਕਰਦੇ ਹੋਏ ਅਕਬਰ ਕੋਲ ਗੁਰੂ ਸਾਹਿਬਾਂ ਦੀਆਂ ਕਈ ਵਾਰ ਸ਼ਿਕਾਇਤਾਂ ਕੀਤੀਆਂ। ਹਰ ਵਾਰ ਅਕਬਰ ਨੇ ਵਿਰੋਧੀਆਂ ਨੂੰ ਝੂਠੇ ਆਖਿਆ। ਗੁਰੂ ਘਰ ਨੂੰ ਸਨ-ਮਾਨ ਦਿਤਾ। ਤੀਜੇ ਗੁਰੂ ਜੀ ਦੀ ਪੁਤਰੀ ਬੀਬੀ ਭਾਨੀ ਦੇ ਨਾਂ ਉਸ ਨੇ ਜਗੀਰ ਵੀ ਲੁਆਈ। ਅਕਬਰ ਵਿਚ ਸਹਿਨਸ਼ੀਲਤਾ ਪੁਜ ਕੇ ਸੀ। ਪ੍ਰੋਫੈਸਰ ਪ੍ਰੀਤਮ ਸਿੰਘ ਜੀ ਆਪਣੇ ਦਾਰਸ਼ਨਕ ਸਿਖ ਇਤ-ਹਾਸ ਵਿਚ ਲਿਖਦੇ ਹਨ ਕਿ ਅਬਾਦਤਖਾਨੇ ਵਿਚ ਅਕਬਰ ਨੇ ਸਿੱਖਾਂ ਲਈ ਵੀ ਪੂਜਾ ਦੀ ਥਾਂ ਬਣਾਈ ਸੀ। ਗੁਰੂ ਅਰਜਨ ਅਕਬਰ ਦੇ ਹੁੰਦਿਆਂ ੧੫੮੧ ਈਸਵੀ ਵਿਚ ਗੁਰਗਦੀ ਤੇ ਬੈਠੇ। ਵਿਰੋਧੀਆਂ ਨੇ ਕਈ ਵਾਰ ਗੁਰੂਅਰਜਨ ਦੇਵ ਜੀ ਦੇ ਵਿਰੁਧ ਅਕਬਰ ਕੋਲ ਸ਼ਿਕਾਇਤਾਂ ਕੀਤੀਆਂ ਪਰੰਤੂ ਉਨਾਂ ਦਾ ਕੰਮ ਨੇਪਰੇ ਨਾ ਚੜਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਉਤੇ ਵੀ ਉਜਾਂ ਲਾਈਆਂ ਗਈਆਂ। ਪਰੰਤੂ ਅਕਬਰ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮਹਾਨ ਧਾਰਮਕ ਗ੍ਰੰਥ ਆਖ ਕੇ ਸਤਕਾਰਿਆ ਤੇ ਅਪਣਾ ਸੀਸ 'ਪ੍ਰਗਟ ਗੁਰਾ ਕੀ ਦੇਹ' ਅਗੇ ਝੁਕਾਇਆ। ਅਸਲ ਵਿਚ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ਾਂ, ਸੱਚ ਕੀ ਬਾਣੀ ਨੇ ਪੰਜਵੇਂ ਗੁਰੂ ਜੀ ਦੀ ਸ਼ਹਾਦਤ ਕਰਵਾਈ। ਪੰਜਵੇਂ ਗੁਰੂ ਜੀ ਦੇ ਸਮੇਂ 'ਬਾਬੇ ਕਿਆਂ ਤੇ 'ਬਾਬਰ ਕਿਆਂ' ਦੀ ਟੱਕਰ ਹੋਣੀ ਲਾਜ਼ਮੀ ਹੋ ਗਈ ਸੀ। ਉਸ ਸਮੇਂ ਸਿੱਖੀ ਦੇ ਝੰਡੇ ਦੂਰ ਦੂਰ ਗਡੇ ਜਾਣ ਲਗੇ। ਹਕੂਮਤ ਨੇ ਇਸ ਨੂੰ ਭਾਰੀ ਖਤਰਾ ਸਮਝਿਆ।

ਗੁਰੂ ਅਰਜਨ ਦੇਵ ਜੀ ਸੱਚ ਦਾ ਹੋਕਾ ਦੇ ਰਹੇ ਸਨ ਜਿਵੇਂ ਗੁਰੂ ਨਾਨਕ ਜੀ ਨੇ 'ਬਾਬਰ ਵਾਣੀ ਦੇ ਸਮੇਂ ਦਿਤਾ ਸੀ। ਜਹਾਂਗੀਰ ਪੱਕਾ ਤੁਅਸਬੀ ਸੀ। ਉਸਨੇ ਦਿਰੜ ਫੈਸਲਾ ਕੀਤਾ ਕਿ ਮੈਨੂੰ ਹੁਣ ਪਾਲੀਸੀ ਬਦਲ ਲੈਣੀ ਯੋਗ ਹੈ। ਸਲੀਮ (ਜਹਾਂਗੀਰ) ਨੇ ਟਪਲਾ ਖਾਧਾ ਕਿ (ਅਕਬਰ) ਉਸ ਦੇ ਪਿਤਾ ਦੀ ਪਾਲਿਸੀ ਨਾਲ ਇਸਲਾਮ ਨੂੰ ਧੱਕਾ ਲਗਿਆ ਹੈ ਇਸ ਲਈ ਉਹ ਹੁਣ ਆਪਣੇ ਪਿਤਾ ਵਾਲੀ ਪਾਲਿਸੀ ਤੇ ਨਹੀ ਟੁਰੇਗਾ। ਪ੍ਰਿੰਸੀਪਲ ਲਿਖਦਾ ਹੈ ਕਿ ਉਸ ਨੇ ਇਸਲਾਮ ਦੇ ਅਸੂਲਾਂ ਨੂੰ ਫੈਲਾਣ ਲਈ ਬਹੁਤ ਵਡੀਆਂ ਵਡੀਆਂ ਹਦਾਇਤਾਂ ਜਾਰੀ ਕੀਤੀਆਂ ਅਕਬਰ ਦੀਆਂ ਸਾਰੀਆਂ ਗੱਲਾਂ ਨੂੰ ਛਿਕੇ ਉ[illegible] ਟੰਗ ਦਿਤਾ। ਗੈਰ ਮੁਸਲਮਾਨਾਂ ਉਤੇ ਸਖਤੀ [illegible] ਦੌਰ ਅਰੰਭ ਦਿਤਾ। ਇਕ ਪਾਸੇ ਇਸਲਾਮ [illegible] ਚੜਤ ਸੀ ਦੂਜੇ ਪਾਸੇ ਸਿੱਖੀ ਦਾ ਪਸਾਰਾ ਪਸ[illegible] ਰਿਹਾ ਸੀ। ਸਿਖ ਗੁਰੂਆਂ ਦੀ ਅਤੁਟ ਘਾਲਣਾ [illegible] ਪ੍ਰਚਾਰ ਨਾਲ ਸਿੱਖ ਇਕ ਤਕੜੀ ਕੌਮ ਦਾ ਰੂ[illegible] ਧਾਰ ਰਹੇ ਸਨ। ਸਿੱਖ ਜਥੇਬੰਦੀ ਸੰਗਠਨ ਹੋ ਰ[illegible]


www.AKJ.Org

ਸੀ। ਵਿਲੀਅਮ ਕੈਸਰ ਜਰਮਨੀ ਦੇ ਇਕ ਉਘੇ ਸਾਸਕ ਦਾ ਕਥਨ ਹੈ ਕਿ ਅਸਲੋਂ ਸਾਰੀਆਂ ਧਾਰਮਕ ਲਹਿਰਾਂ ਸੁਧਾਰਕ, ਅੰਦੋਲਨ ਰਾਜਨੀਤਕ ਰੂਪ ਧਾਰਦੇ ਹਨ। ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦਾ ਮੁਢਲਾ ਤੇ ਵਡਾ ਕਾਰਨ ਗੁਰੂ ਬਾਬੇ ਦੇ ਅਜ਼ਾਦੀ ਤੇ ਬਰਾਬਰੀ ਦੇ ਪ੍ਰਚਾਰੇ ਵਿਚਾਰ ਸਨ। ਗੁਰੂ ਘਰ ਵਿਚ ਗੁਰਗੱਦੀ ਦਾ ਹਕਦਾਰ ਯੋਗਤ ਹੀ ਹੋ ਸਕਦਾ ਸੀ। ਗੁਣਾਂ ਦੀ ਪਰਖ ਉਤੇ ਗੁਰਗਦੀ ਮਿਲਿਆ ਕਰਦੀ ਸੀ। ਜਿਹੜੇ ਗੁਰ-ਪੁਤਰ ਚੋਣ ਵਿਚ ਪੂਰੇ ਨਹੀਂ ਉਤਰਦੇ ਸਨ ਉਹ ਸੁਭਾਵਕ ਹੀ ਗੁਰੂ ਘਰ ਦੇ ਵਿਰੋਧੀ ਬਣ ਜਾਂਦੇ ਸਨ ਜਿਵੇਂ ਬਾਬਾ ਸ੍ਰੀ ਚੰਦ ਜੀ ਨੇ ਗੁਰੂ ਅੰਗਦ ਦੇਵ ਜੀ ਦਾ ਵਿਰੋਧ ਕੀਤਾ। ਦਾਤੂ ਤੇ ਦਾਸੂ ਜੀ ਨੇ ਗੁਰੂ ਅਮਰਦਾਸ ਜੀ ਦਾ ਅਪਮਾਨ ਕੀਤਾ। ਮੋਹਣੀ ਤੇ ਮੋਹਰੀ ਜੀ ਵੀ ਇਦਾਂ ਹੀ ਕਰਦੇ ਰਹੇ। ਗੁਰੂ ਅਰਜਨ ਦੇਵ ਜੀ ਦੇ ਸਮੇਂ ਗੁਰੂ-ਪੁਤਰਾਂ ਦੀ ਈਰਖਾ ਸਿਖਰ ਤੇ ਸੀ। ਪ੍ਰਿਥੀਚੰਦ ਤੇ ਮਹਾਂਦੇਵ ਜੀ ਗੁਰੂ ਅਰਜਨ ਦੇਵ ਜੀ ਵਿਰੁਧ ਉਠ ਖਲੋਏ। ਪ੍ਰਿਥੀਚੰਦ ਜੀ ਨੇ ਗੁਰੂ ਘਰ ਦੇ ਰਸਤੇ ਰੋਕੇ ਹੋਛੇ ਹਥਿਆਰਾਂ ਉਤੇ ਉਤਰੇ। ਭਾਈ ਗੁਰਦਾਸ ਜੀ ਨੇ ਮੀਣਾ ਆਖ ਕੇ ਉਸ ਦਾ ਪਾਜ ਉਘਾੜਿਆ ਤੇ ਸਿੱਖ ਸੰਗਤਾਂ ਨੂੰ ਉਸ ਦੇ ਫਰੇਬਾਂ ਤੋਂ ਸਾਵਧਾਨ ਕੀਤਾ। ਪ੍ਰਿਥੀਚੰਦ ਜਦੋਂ ਹਰ ਪਾਸਿਓਂ ਅਸਫਲ ਰਿਹਾ ਤਦੋਂ ਉਸ ਲਈ ਅੰਮ੍ਰਿਤਸਰ ਵਿਚ ਰਹਿਣਾ ਔਖਾ ਹੋ ਗਿਆ। ਲਾਹੌਰ ਦੇ ਕੋਲ ਹਰੇਰਾਂ ਵਿਚ ਜਾ ਅਪਣਾ ਅੱਡਾ ਜਮਾਇਆ। ਗੁਰੂ ਅਰਜਨ ਦੇਵ ਜੀ ਵਿਰੁਧ ਸਾਜ਼ਸ਼ਾਂ ਕਰਦਾ ਰਿਹਾ। ਉਸ ਸਮੇਂ ਪੰਜਾਬ ਦਾ ਨਵਾਬ ਸ਼ਹਿਜ਼ਾਦਾ ਖੁਰਮ ਸੀ। ਉਹ ਸਲੀਮ ਦਾ ਤੀਜਾ ਪੁਤਰ ਸੀ। ਆਪਣੇ ਪਿਤਾ ਵਾਂਗ ਤਰਕੂ ਸੀ। ਚੰਦੂ ਤੇ ਕਾਹਨਾ ਭਗਤ ਉਸ ਦੇ ਦੀਵਾਨ ਲਗੇ ਹੋਏ ਸਨ। ਚੰਦੂ ਤੇ ਕਾਹਨੇ ਦਾ ਪ੍ਰਿਥੀਚੰਦ ਮਿਤਰ ਸੀ ਚੰਦੂ ਤੇ ਪ੍ਰਿਥੀਚੰਦ ਨੇ ਊਲ ਜਲੂਲ ਕਹਾਣੀਆਂ ਘੜ ਕੇ ਲਾਹੌਰ ਦਰਬਾਰ ਸਲੀਮ ਕੋਲ ਪੁਚਾਈਆਂ ਸਿੱਖਾਂ ਦੀ ਜਥੇਬੰਦੀ ਜਹਾਂਗੀਰ ਨੂੰ ਅਗੇ ਹੀ ਚੁਭਦੀ ਸੀ। ਜਹਾਂਗੀਰ ਗੁਰੂ ਅਰਜਨ ਦੇਵ ਜੀ ਦੀ ਤੇ ਸਿੱਖੀ ਦੀ ਚੜ੍ਹਦੀ ਕਲਾ ਨੂੰ ਘਿਰਣਾ ਨਾਲ ਅਪਣੀ 'ਤੋਜਕੇ ਜਹਾਂਗੀਰ' ਕਥਾ ਤੋਜਕ ਵਿਚ ਇਸ ਪ੍ਰਕਾਰ ਬਿਆਨ ਕਰਦਾ ਹੈ:—

'ਦਰ ਗੋਇੰਦਵਾਲ ਕਿ ਬਰ ਕਿਨਾਰਿ ਦਰਿਆਏ ਬਿਆਹ ਵਾਕਿਆ ਅਸਤ ਹਿੰਦੂਏ ਬੂਦ ਅਰਜਨ ਨਾਮ ਦਰ ਲਿਬਾਸਿ ਪੀਰੀ ਵ ਸ਼ੇਖੀ ਚੁਨਾਂ-ਚਿ ਬਿਸੀਆਰੇ ਅਜ਼ ਸ਼ਾਦਾ ਲੋਹਾਨਿ ਹਨੂਦ ਬਲਕਿ ਨਾਦਾਨ ਵ ਸਫ਼ਿਹਾਨਿ ਇਸਲਾਮ ਰਾ ਮੁਕਇਦਿ ਇਤਵਾਰ ਵ ਔਜ਼ਾਇ ਖੁਦ ਸਾਖਤਾ ਕੋਸੇ ਪੀਰੀ ਵ ਵਲਾਇਤ ਰਾ ਬੁਲੰਦ ਆਵਾਜ਼ਾ ਗਰਦਾਨੀਦਾ ਬੂਦ। ਊ ਰਾ ਗੁਰੂ ਮੇਗਫ਼ਤੰਦ ਵ ਅਜ਼ ਇਤਰਾਫੋ ਜਵਾਨਬ ਗੋਲਾਂ ਵ ਗੋਲ ਪ੍ਰਸਤਾਂ ਬਦੂ ਰਜੂਅ ਆਵੁਰਦਾ ਇਅਤਕਾਦਿ ਤਮਾਮ ਬਾ ਊ ਇਜਹਾਰ ਮੀਕਰ-ਦੰਦ। ਅਜ਼ ਸਿ ਚਹਾਰ ਪੁਸ਼ਤ ਊ. ਈਂ. ਦੁਕਾਨ ਰਾ ਫਾਰਮ ਮੀਦਾਸਤੰਦ ਮੁਦਤਹ ਬਖਾਤਰ ਮੀਗੁ-ਜ਼ਸ਼ਤ ਕਿ ਈਂ ਦੁਕਾਨਿ ਬਾਤਲਿ ਰਾ ਬਰਤਰਫ ਬਾਯਦ ਸਾਖਤ ਯਾ ਊ ਰਾ ਦਰ ਜਿਰਗਏ ਅਹਲਿ ਇਸਲਾਮ ਦਰ ਫ਼ਾਯਦ ਆਵਰੁ ਦ ਤਾ ਆਂ ਕਿ ਦਰੀ ਅਯਾਮ ਖੁਸਰੋ ਅਜ਼ ਆਂ ਰਾਹ ਅਬੂਰ ਮੀਨਮੂਦ। ਈਂ ਮਰਦਕਿ ਮਜ਼ਹੂਲ ਇਰਾਦਾ ਕਰ-ਦਿ ਕਿ ਮੁਲਾਜ਼ਮਤਿ ਊ ਦਰ ਯਾਬਦ ਦਰ ਮੰਜ਼ਦ ਕਿ ਜਾ ਵ ਮੁਕਾਮਿ ਊ ਬੂਦ ਖੁਸਰੋ ਰਾ ਨਜ਼ੂਲ ਉਫਤਾਦ। ਆਮਦਾ ਊ ਰਾ ਦੀਦ ਵਾ ਬਾਅਜ਼ੇ ਮੁਕਦਮਾਤ ਫਰਾ ਯਾਫਤਾ ਬ ਊ ਰਸਾਨੀਦ। ਵ ਬਰ ਪੇਸ਼ਾਨੀ ਊ ਅੰਗੁਸਤਾਏ ਅਜ਼ ਜ਼ਾਫਰਾਨ ਕਿ ਬਾ ਇਸਤਲਾਹਿ ਹਿੰਦੂਆਂ ਕਸ਼ਕਾ ਗੋਇੰਦ ਕਸ਼ੀਦ ਵ ਆਂ ਕਾ ਸ਼ਗੂਨ ਮੀਦਾਨਦ। ਚੂੰਈਂ ਮੁਕਦਮਾ ਬਮਸਾਮਹਿ ਜਾਹੇ ਜਲਾਲ ਮੇਰਸੀਦ ਵ ਬਾਤਲਾਨੇ ਊ ਰਾ ਬਵਜਾ ਅਕਮਲ ਮੀਦਾਨਿਸਤਮ। ਅਮਰ ਕਰ ਦਮ ਕਿ ਊ ਰਾ ਹਾਜ਼ਰ ਸਾਖਤੰਦ ਵ ਮਸਾਕਨ ਵ ਮਨਾਜ਼ਲ ਵ ਫਰਜ਼ੰਦਾਨੇ ਊ ਰਾ ਬਮੁਰਤਜਾਖਨ ਅਨਾਯਤ ਨਮੂਦਪ ਵ ਅਸਬਾਬੇ ਅਮਵਾਲਿ ਊ ਰਾ


www.AKJ.org

ਬ ਕੈਦਿ ਜ਼ਬਤ ਦਰ ਆਵਰੁ ਦਾ ਫਰਮੂਦਮ ਕਿ ਊਰਾ ਬਾ ਸਿਆਸਤ ਵ ਬ ਯਾਸਾ ਰਸਾਨੰਦ।

(ਤੁਜ਼ਕਿ ਜਹਾਂਗੀਰੀ ਸਫ਼ਾ ਪੈਂਤੀ)

ਇਸ ਦਾ ਪੰਜਾਬੀ ਉਲਥਾ ਇਸ ਪ੍ਰਕਾਰ ਹੈ :—

ਬਿਆਸਾ ਦਰਿਆ ਦੇ ਕੰਢੇ ਗੋਇੰਦਵਾਲ ਵਿਚ ਇਕ ਪੀਰ ਬਜ਼ੁਰਗਾਂ ਦੇ ਭੇਸ ਵਿਚ ਅਰਜਨ ਨਾਂ ਦਾ ਹਿੰਦੂ ਰਹਿੰਦਾ ਸੀ। ਉਸ ਨੇ ਬਹੁਤ ਸਾਰੇ ਭੋਲੇ ਭਾਲੇ ਹਿੰਦੂਆਂ ਅਤੇ ਬੇ-ਸਮਝ ਮੂਰਖ ਮੁਸਲਮਾਨਾਂ ਨੂੰ ਅਪਣੇ ਧਰਮ ਦਾ ਸ਼ਧਾਲੂ ਬਣਾਕੇ ਆਪਣੇ ਵਲੀਪੁਣੇ (ਪੀਰੀ ਦਾ) ਢੋਲ ਵਜਾਇਆ ਹੋਇਆ ਸੀ। ਲੋਕੀਂ ਉਸ ਨੂੰ ਗੁਰੂ ਆਖਦੇ ਸਨ। ਇਧਰ ਉਧਰ ਦੇ ਅਨਜਾਣ ਲੋਕ ਦੰਭੀ ਤੇ ਪਖੰਡੀ ਪੁਜਾਰੀ ਲੋਕ ਉਸ ਉਤੇ ਅਟੁਟ ਇਤਕਾਦ (ਵਿਸ਼ਵਾਸ਼) ਰਖਦੇ ਸਨ। ਤਿੰਨ ਚਾਰ ਪੀੜੀਆਂ ਤੋਂ ਉਸ ਦੀ ਇਹ ਦੁਕਾਨ ਗਰਮ ਸੀ। ਚਿਰਾਂ ਤੋਂ ਮੇਰੇ ਦਿਲ ਵਿਚ ਖਿਆਲ ਆ ਰਿਹਾ ਸੀ ਕਿ ਉਸ ਦੀ ਝੂਠ ਦੀ ਦੁਕਾਨ ਤੇ ਝੂਠ ਦੇ ਵਪਾਰ ਨੂੰ ਬੰਦ ਕਰ ਦਵਾਂ ਜਾਂ ਉਸ (ਗੁਰੂ ਅਰਜਨ ਦੇਵ) ਨੂੰ ਇਸਲਾਮ ਵਿਚ ਲੈ ਆਵਾਂ। ਉਨ੍ਹਾਂ ਦਿਨਾਂ ਵਿਚ ਖੁਸਰੋ ਇਥੋਂ ਦੀ ਲੰਘਿਆ। ਉਸ ਜਾਹਲ ਤੇ ਹਕੀਰ ਆਦਮੀ ਨੇ ਮਨ ਵਿਚ ਧਾਰੀ ਕਿ ਉਸਨੂੰ ਮਿਲਿਆ ਜਾਵੇ। ਸੋ ਉਸ ਨੇ ਉਸ ਗੁਰੂ ਦੇ ਡੇਰੇ ਵਿਚ ਪੜਾਉ ਕੀਤਾ ਤੇ ਮਿਲਿਆ। ਕਈ ਪਹਿਲੇ ਮਿੱਥੀਆਂ ਹੋਈਆਂ ਗੱਲਾਂ ਕੀਤੀਆਂ ਤੇ ਉਂਗਲੀ ਨਾਲ ਖੁਸਰੋ ਦੇ ਮੱਥੇ ਉਤੇ ਕੇਸਰ ਦਾ ਟਿੱਕਾ (ਤਿਲਕ) ਲਾਇਆ ਜਿਸ ਨੂੰ ਕਿ ਹਿੰਦੂ ਇਕ ਚੰਗਾ ਸਗਨ ਸਮਝਦੇ ਹਨ। ਜਦ ਉਸ ਦੀ ਇਹ ਗਲ ਮੇਰੇ ਕੰਨਾਂ ਵਿਚ ਪਈ। ਮੈਂ ਪਹਿਲੋਂ ਵੀ ਉਸ ਦੇ ਝੂਠੇ ਅਡੰਬਰ ਤੋਂ ਜਾਣੂ ਸਾਂ। ਮੈਂ ਹੁਕਮ ਦਿਤਾ ਕਿ ਉਸ ਨੂੰ ਹਾਜ਼ਰ ਕੀਤਾ ਜਾਵੇ। ਉਸ ਦਾ ਘਰ ਘਾਟ ਤੇ ਬੱਚੇ ਮਰਤਜ਼ਾ ਖਾਂ ਦੇ ਹਵਾਲੇ ਕੀਤੇ ਅਤੇ ਉਸ ਦਾ ਸਾਰਾ ਮਾਲ ਅਸਬਾਬ ਜ਼ਬਤ ਕਰ ਲਿਆ। ਮੈਂ ਹੁਕਮ ਦਿਤਾ ਕਿ ਉਸ ਨੂੰ ਤਸੀਹੇ ਦੇ ਕੇ ਮਾਰ ਦਿਤਾ ਜਾਵੇ।

ਤੋਜ਼ਕੇ ਜਹਾਂਗੀਰੀ ਦੇ ਹੁਕਮ ਅਨੁਸਾਰ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਲਾਹੌਰ ਜਹਾਂਗੀਰ ਦੀ ਹਾਜ਼ਰੀ ਵਿਚ ਹੋਈ ਜਾਪਦੀ ਹੈ। ਤੋਜ਼ਕੇ ਜਹਾਂਗੀਰੀ ਮੁਤਾਬਕ ੭ ਮਈ ੧੬੦੬ ਈਸਵੀ ਤੋਂ ੨੯ ਮਾਰਚ ੧੬੦੭ ਈਸਵੀ ਤਕ ਜਹਾਂਗੀਰ ਲਾਹੌਰ ਰਿਹਾ। ਗੁਰੂ ਅਰਜਨ ਦੇਵ ਜੀ ਮਹਾਰਾਜ ਦੀ ਸ਼ਹਾਦਤ ੩੦ ਮਈ ੧੬੦੬ ਈਸਵੀ ਨੂੰ ਹੋਈ ਇਸ ਦਿਨ ਜੇਠ ਸੁਦੀ ਚੌਥ ਤੇ ਸੰਮਤ ੧੬੬੩ ਬਿਕਰਮੀ ਸੀ। ਉਪਰੋਕਤ ਲਿਖਤ ਤੋਂ ਇਹ ਵੀ ਪਤਾ ਲਗਦਾ ਹੈ ਕਿ ਜਹਾਂਗੀਰ ਪੁੱਜ ਕੇ ਤੁਅਸਬੀ ਸੀ। ਉਹ ਧਰਮ ਦੇ ਮਾਮਲਿਆਂ ਵਿਚ ਤੰਗ-ਦਿਲ ਸੀ। ਉਸ ਨੇ ਮਹਾਨ ਗੁਰੂ ਦੀ ਸਿੱਖੀ ਸ਼ਾਨ ਤੇ ਪਸਾਰੇ ਨੂੰ ਝੂਠ ਦਾ ਪਸਾਰਾ ਹੀ ਆਖ ਕੇ ਭੰਡਿਆ। ਪਰੰਤੂ ਮਹਾਨ ਗੁਰੂ ਦੀ ਆਤਮਾ ਨੇ ਜਹਾਂਗੀਰ ਦੇ ਕੂੜੇ ਦਾਅਵਿਆਂ ਨੂੰ ਮਾਤ ਪਾ ਦਿਤਾ। ਗੁਰੂ ਅਰਜਨ ਨੇ ਇਕ ਸ਼ਹਾਦਤ ਆਪਾ ਭੇਟ ਚੜ੍ਹਾ ਕੇ ਦਿਤੀ ਮਗਰੋਂ ਸ਼ਹਾਦਤਾਂ ਦੇਣ ਵਾਲਿਆਂ ਦੀਆਂ ਜਮਾਤਾਂ ਦੀਆਂ ਜਮਾਤਾਂ ਖੜੀਆਂ ਹੋ ਗਈਆਂ। ਜਹਾਂਗੀਰ ਨੇ ਇਹ ਨੋਟ 'ਤੋਜ਼ਕੇ ਜਹਾਂਗੀਰੀ' ਵਿਚ ਉਨੀਂ ਜੂਨ ਸੋਲਾਂ ਸੌ ਛੇ ਈਸਵੀ ਨੂੰ ਲਿਖਿਆ।

ਉਸ ਸਮੇਂ ਇਕ ਹੋਰ ਘਟਨਾ ਵਾਪਰੀ। ਇਸ ਘਟਨਾ ਨਾਲ ਗੁਰੂ ਅਰਜਨ ਦੇਵ ਜੀ ਦੀ ਵਿਰੋਧਤਾ ਹੋਰ ਵੀ ਵੱਧ ਗਈ। ਇਹ ਘਟਨਾ ਚੰਦੂ ਲਾਹੌਰ ਦੇ ਦੀਵਾਨ ਦੀ ਦੁਸ਼ਮਣੀ ਦੀ ਸੀ। ਚੰਦੂ ਨੇ ਆਪਣੀ ਪੁਤ੍ਰੀ ਸਦਾ ਕੌਰ ਦੇ ਰਿਸ਼ਤੇ ਲਈ ਪ੍ਰੋਹਤਾਂ ਨੂੰ ਭੇਜਿਆ ਪ੍ਰੋਹਤਾਂ ਨੇ ਗੁਰੂ ਜੀ ਦੇ ਪੁਤ੍ਰ ਹਰਗੋਬਿੰਦ ਜੀ ਨਾਲ ਰਿਸ਼ਤਾ ਪੱਕਾ ਕਰ ਲਿਆ, ਚੰਦੂ ਨੇ ਭਰੀ ਸਭਾ ਵਿਚ ਗੁਰੂ ਅਰਜਨ ਦੇਵ ਜੀ ਦਾ ਨਿਰਾਦਰ ਕੀਤਾ ਆਖਣ ਲਗਾ ਚੁਬਾਰੇ ਦੀ ਇੱਟ ਨਾਲੀ ਨੂੰ ਲਾ ਆਏ ਹੋ। ਸਿੱਖ ਸੰਗਤਾਂ ਨੇ ਬਹੁਤ ਬੁਰਾ ਮਨਾਇਆ। ਸਾਧ ਸੰਗਤ ਦਾ ਹੁਕਮ ਅਟੱਲ ਸੀ। ਸਿੱਖਾਂ ਨੇ ਸਤਿਗੁਰੂ ਜੀ ਨੂੰ ਆਖਿਆ ਕਿ ਚੰਦੂ ਹੰਕਾਰੀ ਦਾ ਰਿਸ਼ਤਾ ਨਹੀਂ ਲੈਣਾ। ਉਸ ਸਿੱਖੀ

www.AKJ.Org

ਪਰੰਪਰਾ ਵਿਰੁਧ ਕੋਝੇ ਸ਼ਬਦ ਵਰਤੇ ਹਨ। ਸਿੱਖ ਹਿਰਦੇ ਇਹ ਅਪਮਾਨ ਭਰੇ ਸ਼ਬਦ ਸੁਣ ਕੇ ਤੜਪ ਉਠੇ ਸਨ। ਗੁਰੂ ਅਰਜਨ ਦੇਵ ਜੀ ਨੇ ਸੰਗਤ ਦੇ ਹੁਕਮ ਨੂੰ ਪਹਿਲ ਦਿਤੀ। ਗੁਰੂ ਤੇ ਸੰਗਤ ਦਾ ਨੇੜੇ ਦਾ ਸੰਬੰਧ ਸੀ।ਦੁਨੀਆਂ ਦੇ ਰਿਸ਼ਤੇ ਕੂੜ ਸਮਝੇ ਗਏ ਹਨ।ਚੰਦੂ ਨੇ ਕੋਸ਼ਿਸ਼ ਕੀਤੀ ਕਿ ਮਸਲਾ ਹਲ ਹੋਜਾਵੇ ਕਿ ਗੁਰੂ ਜੀ ਪੁਤਰ ਦਾ ਰਿਸ਼ਤਾ ਮੰਨ ਲੈਣ। ਇਸ ਦਾ ਜ਼ਿਕਰ ਮੈਕਾਲਫ ਨੇ ਕੀਤਾ ਹੈ ਮੁੰਹਮਦ ਲਤੀਫ਼ ਲਿਖਦਾ ਹੈ ਕਿ ਚੰਦੂ ਨੇ ਇਕ ਲੱਖ ਰੁਪੈ ਗੁਰੂ ਜੀ ਵਲ ਘਲੇ ਕਿ ਰਿਸ਼ਤਾ ਮੰਨ ਲੈਣ ਐਪਰ ਗੁਰੂ ਜੀ ਨਾ ਮੰਨੇ। ਗੁਰੂ ਜੀ ਨੇ ਅ ਖਿਆ ਕਿ ਜੇਕਰ ਤੂੰ ਸਾਰਾ ਸੰਸਾਰ ਵੀ ਦਾਜ ਵਿਚ ਦੇ ਦਵੇਂ ਮੈਂ ਤਦ ਵੀ ਰਿਸ਼ਤਾ ਨਹੀਂ ਲਵਾਂਗਾ। ਦੀਵਾਨ ਚੰਦੂ ਬਦਲਾ ਲੈਣ ਦੀ ਸੋਚਣ ਲਗਾ। ਉਸਨੇ ਜਹਾਂਗੀਰ ਨੂੰ ਗੁਰੂ ਜੀ ਦੇ ਵਿਰੁਧ ਉਕਸਾਇਆ। ਖੁਸ਼ਵਕਤ ਰਾਇ ਲਿਖਦਾ ਹੈ ਕਿ ਰਿਸ਼ਤਾ ਮੁੜਨ ਮਗਰੋਂ ਚੰਦੂ ਦਾ ਮਨ ਮੈਲਾ ਹੋ ਗਿਆ ਸੀ ਉਸ ਨੇ ਵੈਰ ਵਿਰੋਧ ਉਤੇ ਲੱਕ ਬੰਨ ਲਿਆ। ਉਸ ਜਹਾਂਗੀਰ ਕੋਲ ਜਾ ਚੁਗਲੀ ਲਾਈ ਕਿ ਸਾਰੇ ਜਗਤ ਦੀ ਮਾਇਆ ਗੁਰੂ ਅਰਜਨ ਕੋਲ ਹੈ। ਦੇਸ਼ ਦੇ ਰਾਜੇ, ਰਜਵਾੜੇ ਤੇ ਜੱਟ ਸਭ ਦਾ ਮੇਲ ਗੁਰੂ ਨਾਲ ਹੈ। ਭਾਈ ਕੇਸਰ ਸਿੰਘ ਜੀ ਛਿਬਰ ਬੰਸਾਵਲੀ ਨਾਮਾ ਵਿਚ ਲਿਖਦੇ ਹਨ:—

ਫੇਰ ਪਿਰਥੀਆ ਆਇਆ ਲਾਹੌਰ ॥
ਬਿਨ ਦੁਸ਼ਟੀ ਗਲ ਕਰੇ ਨ ਹੋਰ ॥
ਨਿਤ ਨਿਤ ਦੀ ਚੁਗਲੀ ਆਇ ਇਕ ਦਿਨ ਫੁਰੀ ॥

ਅਕਬਰ ਜਦੋਂ ਰਾਜ ਸਿੰਘਾਸਣ ਉਤੇ ਸੀ ਉਦੋ ਵਿਰੋਧੀਆਂ ਦੇ ਵਾਰ ਕੁਝ ਅਰਥ ਨਹੀਂ ਸਨ ਰਖਦੇ। ਜਹਾਂਗੀਰ ਦੇ ਸਮੇਂ ਵਿਰੋਧੀਆਂ ਦੇ ਦਾਅ ਲਗੇ। ਸ੍ਰੀ ਰਾਮ ਸ਼ਰਮਾ ਤੇ ਸਮਿੱਥ ਸਪਸ਼ਟ ਲਿਖਦੇ ਹਨ ਕਿ ਜਹਾਂਗੀਰ ਓਨੇ ਵਿਸ਼ਾਲ ਦਿਲ ਵਾਲਾ ਨਹੀਂ ਸੀ ਜਿਨਾਂ ਕਿ ਅਕਬਰ। ਰਾਜ ਗਦੀ ਪ੍ਰਾਪਤ ਕਰਦਿਆਂ ਹੀ ਉਸ ਹੋਕਾ ਦਿਤਾ ਕਿ ਉਹ ਇਸਲਾਮ ਦੀ ਰਾਖੀ ਕਰੇਗਾ। ਮੁਸਲਮਾਨ ਜੋ ਅਪਣਾ ਧਰਮ ਤਬਦੀਲ ਕਰ ਲੈਂਦੇ ਸਨ ਉਹ ਉਨ੍ਹਾਂ ਤੇ ਵਰ੍ਹਦਾ ਸੀ। ਉਸ ਨੇ ਖੁਲ੍ਹਾ ਐਲਾਨ ਜਾਰੀ ਕੀਤਾ ਕਿ ਉਹ ਉਹਨਾਂ ਲੋਕਾਂ ਨੂੰ ਆਪਣੇ ਰਾਜ ਵਿਚ ਨਹੀਂ ਰਹਿਣ ਦੇਵੇਗਾ ਜਿਨਾਂ ਦੀਆਂ ਸਰਗਰਮੀਆਂ ਉਸ ਦੇ ਰਾਜ ਵਿਚ ਰੋੜਾ ਹੋਣ। ਉਹ ਸਿੱਖ ਸ਼ਕਤੀ ਦੇ ਪਸਾਰ ਨੂੰ 'ਦੁਕਾਨਿ ਬਾਤਲ' (ਕੁਫਰ ਦੀ ਦੁਕਾਨ) ਆਖਦਾ ਹੋਇਆ ਇਸ ਨੂੰ ਬੰਦ ਕਰਨ ਦੇ ਆਹਰ ਵਿਚ ਸੀ। ਖੁਸਰੋ ਜਹਾਂਗੀਰ ਦਾ ਪੁਤਰ ਸੀ ਉਸ ਨੇ ਪਿਤਾ ਤੋਂ ਵਿਰੁਧ ਬਗਾਵਤ ਦਾ ਝੰਡਾ ਖੜਾ ਕਰ ਦਿਤਾ। ਖੁਸਰੋ ਰਾਜਾ ਮਾਨ ਸਿੰਘ ਦੀ ਭੈਣ ਦੇ ਪੇਟੋਂ ਸੀ ਅਤੇ ਮਿਰਜ਼ਾ ਅਜ਼ੀਜ਼ ਕੋਕਾ ਦੀ ਪੁਤਰੀ ਨਾਲ ਉਸ ਦਾ ਵਿਆਹ ਹੋ ਚੁਕਾ ਸੀ। ਰਾਜਾ ਮਾਨ ਸਿੰਘ ਅਜ਼ੀਜ ਕੋਕਾ ਚਾਹੁੰਦੇ ਸਨ ਕਿ ਤਖਤ ਉਤੇ ਖੁਸਰੋ ਬੈਠੇ। ਅਕਬਰ ਨੇ ਪਗੜੀ ਸਲੀਮ ਦੇ ਸਿਰ ਉਤੇ ਰਖ ਦਿਤੀ ਸੀ। ਖੁਸਰੋ ਦੇ ਸਬੰਧ ਆਪਣੇ ਪਿਤਾ ਨਾਲ ਵਿਗੜ ਚੁਕੇ ਸਨ। ਪੰਜ ਮਹੀਨੇ ਮਗਰੋਂ ੧੬੦੬ ਈ. ਨੂੰ ਚਾਰ ਕੁ ਸੌ ਸਵਾਰਾਂ ਸਮੇਤ ਖੁਸਰੋ ਨੇ ਆਗਰਾ ਛਡਿਆ ਤੇ ਬਹਾਨਾ ਇਹ ਲਾਇਆ ਕਿ ਉਹ ਅਕਬਰ ਦੇ ਮਕਬਰੇ ਉਤੇ ਫੁਲ ਚਾੜਨ ਜਾ ਰਿਹਾ ਹੈ। ਅਬਦੁਲ ਰਹੀਮ ਤੇ ਹੁਸੈਨ ਬੇਗ ਨੇ ਉਸ ਦੀ ਸਹਾਇਤਾ ਕੀਤੀ। ਪਰੰਤੂ ਇਹ ਉਸ ਦੀ ਵਡੀ ਬਗ਼ਾਵਤ ਸੀ। ਜਹਾਂਗੀਰ ਨੂੰ ਬਗਾਵਤ ਦਾ ਪਤਾ ਪਿਛੋਂ ਲਗਾ। ਖੁਸਰੋ ਕਾਬਲ ਜਾਕੇ ਕਬਾਈਲੀਆਂ ਦੀ ਮਦਦ ਨਾਲ ਬਗਾਵਤ ਦਾ ਝੰਡਾ ਖੜਾ ਕਰਕੇ ਆਪ ਤਖਤ ਸਾਂਭਣ ਦਾ ਇਛਕ ਸੀ। ਕਾਬਲ ਵਲ ਨੂੰ ਜਾਂਦੇ ਹੋਏ ਖੁਸਰੋ ਪੰਜਾਬ ਵਿਚੋਂ ਦੀ ਲੰਘਿਆ। ਖੁਸਰੋ ਕਿਸੇ ਮਦਦ ਦੀ ਭਾਲ ਵਿਚ ਸੀ। ਉਸਨੂੰ ਖਬਰ ਮਿਲੀ ਕਿ ਜਹਾਂਗੀਰ ਉਸ ਦਾ ਪਿਛਾ ਕਰਦਾ ਆ ਰਿਹਾ ਹੈ। ਅਕਬਰ ਸਮੇਤ ਖੁਸਰੋ ਨੇ ਅਗੇ ਵੀ ਕਈ ਵਾਰ ਸਿੱਖ ਗੁਰੂ ਸਾਹਿਬਾਨ ਦੇ ਦਰਸ਼ਨ ਕੀਤੇ ਸਨ। ਇਸ ਵਾਰ ਉਹ ਆਪਣੇ ਸਾਥੀਆਂ ਸਮੇਤ ਤਰਨਤਾਰਨ ਪੁਜਾ। ਗੁਰੂ ਘਰ ਦਾ ਕੰਮ ਹੀ ਮੁਢੋਂ


www.AKJ.Org

ਸੀ ਡਿਗਦੇ ਨੂੰ ਸਹਾਰਾ ਦੇਣਾ। 'ਸਰਨ ਆਵੈ ਤਿਸ ਕੰਠ ਲਾਵੈ' ਖੁਸਰੋ ਨੇ ਗੁਰੂ ਕੇ ਲੰਗਰ ਵਿਚ ਪ੍ਰਸ਼ਾਦ ਛਕਿਆ। ਗੁਰੂ ਕੇ ਲੰਗਰ ਵਿਚ ਰੋਟੀ ਖਾਣਾ ਕੋਈ ਅਪਰਾਧ ਨਹੀਂ ਸੀ ਅਕਬਰ ਤੇ ਹਰੀਪੁਰ ਦੇ ਰਾਜੇ ਨੇ ਵੀ ਗੁਰੂ ਅਮਰਦਾਸ ਜੀ ਦੇ ਸਮੇਂ ਲੰਗਰ ਵਿਚ ਚੋਕੜਾ ਮਾਰਕੇ ਓਗਰਾ ਛਕਿਆ ਸੀ। ਗੁਰੂ ਅਮਰਦਾਸ ਜੀ ਦਾ ਹੁਕਮ ਸੀ ਕਿ ਜੋ ਵੀ ਮੈਨੂੰ ਮਿਲਣਾ ਚਾਹੇ ਪਹਿਲੋਂ ਉਹ ਗੁਰੂ ਕੇ ਲੰਗਰ ਵਿਚੋਂ ਪ੍ਰਸ਼ਾਦ ਛਕ ਕੇ ਆਵੇ। ਖੁਸਰੋ ਨੂੰ ਗੁਰੂ ਜੀ ਨੇ ਅਸ਼ੀਰਵਾਦ ਦਿਤੀ। ਇਹ ਨਹੀਂ ਕਿ ਉਹ ਗਦੀ ਜਾਂ ਤਖਤ ਦਾ ਵਾਰਸ ਬਣੇ ਸਗੋਂ ਅਰਦਾਸ ਇਸ ਲਈ ਕੀਤੀ ਗਈ ਕਿ ਉਹ ਬੱਚ ਰਹੇ। ਸਰ ਜਾਦੂ ਨਾਥ ਸਰਕਾਰ ਗਲ ਨੂੰ ਵਿਗਾੜ ਕੇ ਲਿਖਦਾ ਹੈ। ਉਹ ਲਿਖਦਾ ਹੈ ਕਿ ਮਥੇ ਉਤੇ ਕੇਸਰ ਦਾ ਤਿਲਕ ਲਾਇਆ ਗਿਆ। ਗੁਰੂ ਜੀ ਨੇ ਅਜੇਹਾ ਨਹੀਂ ਕੀਤਾ! ਗੁਰੂ ਕੇ ਲੰਗਰ ਵਿਚ ਪ੍ਰਸ਼ਾਦ ਛਕਣਾ ਕੋਈ ਬਗਾਵਤ ਨੂੰ ਸ਼ਹਿ ਦੇਣਾ ਨਹੀਂ ਸਮਝਿਆ ਜਾਣਾ ਚਾਹੀਦਾ ਸੀ। ਜਹਾਂਗੀਰ ਨੇ ਇਸ ਨੂੰ ਬਾਗੀ ਪੁਤਰ ਦੀ ਇਮਦਾਦ ਸਮਝਿਆ। ਸ਼ਹਾਦਤ ਦਾ ਇਹ ਕੋਈ ਫੌਰੀ ਕਾਰਨ ਨਹੀਂ ਸੀ। ਅਸਲ ਕਾਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਦਾ ਸੰਕਲਨ ਸੀ। ਸਿੱਖ ਧਰਮ ਦੇ ਪ੍ਰਚਾਰ ਤੇ ਪਸਾਰੇ ਨੂੰ ਰੋਕਣ ਦੇ ਯਤਨ, ਇਸ ਪ੍ਰਤੀ ਈਰਖਾ ਸ਼ਹਾਦਤ ਦਾ ਅਸਲ ਕਾਰਨ ਸੀ। ਸ਼ਹਾਦਤ ਇਥੇ ਹੀ ਹੋ ਜਾਂਦੀ ਹੈ। ਕੇਵਲ ਕਾਰਣ ਲਭੇ ਜਾਣੇ ਸਨ। ਜਹਾਂਗੀਰ ਸਿੱਖਾਂ ਨੂੰ ਮੁਕਾਣ ਦੀ ਪਹਿਲੋਂ ਹੀ ਧਾਰ ਚੁਕਾ ਸੀ। ਖੁਸਰੋ ਦੀ ਬਗਾਵਤ ਕੇਵਲ ਇਕ ਬਹਾਨਾ ਸੀ। ਜੇ ਖੁਸਰੋ ਬਗਾਵਤ ਨਾ ਕਰਦਾ ਤਦ ਹੋਰ ਕੋਈ ਬਹਾਨਾ ਭਾਲਿਆ ਜਾਣਾ ਸੀ। ਬਾਦਸ਼ਾਹ ਕੇਵਲ ਮੌਕੇ ਦੀ ਤਾੜ ਵਿਚ ਸੀ। ਕੁਝ ਵਿਰੋਧੀਆਂ ਨੇ ਉਸ ਨੂੰ ਹੋਰ ਚੁਕ ਦਿਤਾ। ਮੁਹਸਨ ਫਾਨੀ 'ਦਬਸਤਾਨੇ ਮਜਹਿਬ' ਵਿਚ ਲਿਖਦਾ ਹੈ ਕਿ ਗੁਰੂ ਅਰਜਨ ਨੇ ਬਾਦਸ਼ਾਹ ਦੇ ਬਾਗੀ ਪੁਤਰ ਦੇ ਹਕ ਵਿਚ ਪ੍ਰਾਰਥਨਾ ਕੀਤੀ। ਜਦੋਂ ਖੁਸਰੋ ਫੜਿਆ ਗਿਆ ਤਾਂ ਬਾਦਸ਼ਾਹ ਨੇ ਗੁਰੂ ਅਰਜਨ ਦੇਵ ਜੀ ਨੂੰ ਜੁਰਮਾਨਾ ਕੀਤਾ ਤੇ ਸਜ਼ਾ ਦਿਤੀ।

ਮੁਹਸਨ ਫਾਨੀ ਇਹ ਤਾਂ ਲਿਖਦਾ ਹੈ ਕਿ ਗੁਰੂ ਨੇ ਖੁਸਰੋ ਦੇ ਹੱਕ ਵਿਚ ਪ੍ਰਾਰਥਨਾ ਕੀਤੀ ਪ੍ਰੰਤੂ ਉਹ ਇਹ ਨਹੀਂ ਦਸਦਾ ਕਿ ਪ੍ਰਾਰਥਨਾ ਕਿਹੜੇ ਮੰਤਵ ਲਈ ਕੀਤੀ ਗਈ। ਗੁਰੂ ਜੀ ਕਿਸੇ ਨੂੰ ਰਾਜ ਭਾਗ ਨਹੀਂ ਸਨ ਦਿਵਾਉਂਦੇ ਫਿਰਦੇ। ਗੁਰੂ ਅਰਜਨ ਤੀਕ ਤਾਂ ਸਿੱਖਾਂ ਨੇ ਹਕੂਮਤ ਦੇ ਕੰਮਾਂ ਵਿਚ ਦਖਲ ਅੰਦਾਜ਼ੀ ਨਹੀਂ ਸੀ ਕੀਤੀ। ਭਾਵੇਂ ਛੇਵੇਂ ਗੁਰੂ ਨੂੰ ਹੋਰ ਰਾਹ ਅਪਣਾਉਣਾ ਪਿਆ ਸੀ। ਜਹਾਂਗੀਰ ਨੇ ਮਰਤਜ਼ਾ ਖਾਂ ਨੂੰ ਹੁਕਮ ਭੇਜਿਆ ਕਿ ਗੁਰੂ ਅਰਜਨ ਦਾ ਮਾਲ ਅਸਬਾਬ ਜ਼ਬਤ ਕਰਕੇ ਹੁਕਮ ਦਿਤਾ ਕਿ ਉਸ ਨੂੰ ਤਸੀਹੇ ਦੇ ਕੇ ਕਤਲ ਕੀਤਾ ਜਾਵੇ। ਬਾਦਸ਼ਾਹ ਦੇ ਇਸ ਸ਼ਾਹੀ ਹੁਕਮ ਤੋਂ ਸਾਫ ਪ੍ਰਗਟ ਹੁੰਦਾ ਹੈ ਕਿ ਉਹ ਮੌਕੇ ਦੀ ਭਾਲ ਵਿਚ ਸੀ। ਖੁਸਰੋ ਦੀ ਬਗਾਵਤ ਨੇ ਉਸ ਲਈ ਮੌਕਾ ਪੈਦਾ ਕਰ ਦਿਤਾ। ਸਿਖ ਰਵਾਇਤ ਇਹ ਵੀ ਦਸਦੀ ਹੈ ਕਿ ਗੁਰੂ ਜੀ ਨੂੰ ਆਉਣ ਵਾਲੇ ਸਮੇਂ ਦਾ ਪਹਿਲੋਂ ਪਤਾ ਸੀ। ਉਨ੍ਹਾਂ ਨੇ ਬਾਦਸ਼ਾਹ ਦੀ ਭੈੜੀ ਨੀਤ ਨੂੰ ਤਾੜ ਲਿਆ ਸੀ। ਜਹਾਂਗੀਰ ਦੇ ਸਮੇਂ ਸਿੱਖ ਧਰਮ ਸੁਰਖਿਅਤ ਨਹੀਂ ਸੀ। ਲਾਹੌਰ ਜਾਣ ਤੋਂ ਪਹਿਲੋਂ ਉਨ੍ਹਾਂ ਭਾਈ ਗੁਰਦਾਸ ਤੇ ਹੋਰ ਪਤਵੰਤੇ ਤੇ ਉਘੇ ਸਿੱਖਾਂ ਸੇਵਕਾਂ ਨੂੰ ਅਪਣੇ ਕੋਲ ਬੁਲਾਇਆ ਅੰਤਮ ਸਮਾਂ ਸਿਰ ਉਤੇ ਆਇਆ ਵੇਖ ਕੇ ਜੋ ਕੁਝ ਉਨ੍ਹਾਂ ਆਖਿਆ ਗੁਰੂ ਬੰਸਾਵਲੀ ਦੇ ਲੇਖਕ ਕੇਸਰ ਸਿੰਘ ਛਿਬਰ ਨੇ ਇਉਂ ਉਲੀਕਿਆ ਹੈ;—

ਸਿੱਖਾਂ ਨੂੰ ਕੀਤੀ ਸਪੁਰਦਿ,
ਹਰਗੋਬਿੰਦ ਦੀ ਬਾਂਹ ਪਕੜਾਈ
ਭਾਈ ਗੁਰਦਾਸ ਨੂੰ ਬੈਠ ਸਮਝਾਇਆ
ਸਾਡਾ ਲਗੇਗਾ ਸੀਸ ਨਿਸਚਾ ਆਇਆ
ਅਸਾਂ ਹੋਇਆ ਤੁਰਕਾਂ ਵਿਚ ਜਾਣਾ
ਉਨਾਂ ਕਰਨੀ ਹੈ ਹੁੱਜਤ,
ਤੁਸਾਂ ਦੁਆਬੇ ਵਿਚ ਕਰਨਾ ਟਿਕਾਣਾ।


www.AKJ.Org

ਸਰੀਰ ਹੈ ਛੁਟਣਾ, ਸੰਸਾ ਨਹੀਂ ਕੋਈ ।
ਰਜਾਇ ਖੁਦਾਵੰਦ ਦੀ ਹੈ, ਇਸ ਤਰਾਂ ਹੋਈ ।
ਸਾਹਿਬ ਮੱਥਾ ਟੇਕ ਵਿਦਿਆ ਹੋਇ ਗਏ,
ਦੁਸਟ ਚਉਕੜੀ ਵਿਚਿ ਆਵਤਿ ਭਏ ।
ਸੁਆਲ ਜੁਆਬ ਬਹੁਤ ਹੀ ਹੋਇਆ ।
ਭਏ ਕੈਦ ਦੁਖ ਪਾਇਆ ਸੁਖ ਖੋਇਆ ।

ਲਾਹੌਰ ਪੁਜਣ ਤੇ ਗੁਰੂ ਜੀ ਉਤੇ ਬਹੁਤ ਦੂਸ਼ਨ ਹਕੂਮਤ ਵਲੋਂ ਲਾਏ ਗਏ। ਖੁਸਰੋ ਦੀ ਸਹਾਇਤਾ ਕਰਨ ਦਾ ਸਭ ਤੋਂ ਵਡਾ ਦੋਸ਼ ਸੀ। ਇਕ ਪਾਸੇ ਚੰਦੂ ਦੀ ਈਰਖਾ ਸੀ, ਦੂਜੇ ਪਾਸੇ ਸੰਗਤ ਦਾ ਹੁਕਮ ਸੀ। ਇਕ ਪਾਸੇ ਭੌਤਕ ਸ਼ਕਤੀ ਹੈ ਦੂਜੇ ਪਾਸੇ ਆਤਮਕ ਬਲ ਹੈ। ਇਕ ਪਾਸੇ ਹਕੂਮਤ ਦੇ ਡਰਾਵੇ ਸਖਤ ਸਜ਼ਾਵਾਂ ਹਨ ਦੂਜੇ ਪਾਸੇ ਸਬਰ ਤੇ ਸਿਦਕ ਦਾ ਸਮੁੰਦਰ ਠਾਠਾਂ ਮਾਰਦਾ ਹੈ। ਇਕ ਪਾਸੇ ਕਹਿਰਾਂ ਦੀ ਗਰਮੀ ਹੈ, ਤਤੀਆਂ ਤਵੀਆਂ ਹਨ ਦੂਜੇ ਪਾਸੇ ਸੁਖਮਨੀ ਦਾ ਸੰਤ ਕਵੀ, ਮਹਾਨ ਫਿਲਾਸਫ਼ਰ, ਕੌਮ ਦਾ ਜ਼ਿਮੇਂਵਾਰ ਨਿਧੜਕ ਆਗੂ ਹੈ। ਇਕ ਪਾਸੇ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿਤ੍ਰਤਾ ਨੂੰ ਕਾਇਮ ਰਖਣ ਦਾ ਸੁਆਲ ਹੈ ਦੂਜੇ ਪਾਸੇ ਤੱਤਾ ਰੇਤ, ਅੱਗ ਵਿੱਚ ਸਾੜੇ ਜਾਣ ਦੇ ਹੁਕਮ ਹਨ। ਇਕ ਪਾਸੇ ਇਸਲਾਮ ਦੀ ਚੋਣ ਹੈ ਦੂਜੇ ਪਾਸੇ ਭਾਰੇ ਜੁਰਮਾਨੇ ਤੇ ਮੌਤ ਦੀਆਂ ਸਜ਼ਾਵਾਂ ਰਸਤੇ ਰੋਕੀ ਅੜੀਆਂ ਖਲੋਤੀਆਂ ਹਨ। ਗੁਰੂ ਅਡੋਲ ਹੈ। ਸਤਿਗੁਰ ਜਾਗਤਾ ਹੈ ਦੇਉ। ਗੁਰੂ ਅਰਜਨ ਦਾ ਸਾਰਾ ਜੀਵਨ ਹੀ ਤਤੀ ਤਵੀ ਦਾ ਜੀਵਨ ਹੈ। ਮਹਾਨ ਘੋਲ ਹੈ। ਸ਼ਹੀਦਾਂ ਦੇ ਸਿਰਤਾਜ ਅਡੋਲ ਹਨ, ਸਾਂਤ ਹਨ, 'ਝਖੜ ਵਾਉ ਨ ਡੋਲਈ ਪਰਬਤ ਮੇਰਾਣ।'

ਜਹਾਂਗੀਰ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਵਿਚ ਕੁਝ ਸ਼ਬਦ ਇਸਲਾਮ ਦੇ ਪਾਉਣ ਲਈ ਕਿਹਾ। ਜਾਂ ਕੁਝ ਸ਼ਬਦ ਹਜ਼ਰਤ ਮੁਹੰਮਦ ਸਾਹਿਬ ਦੀ ਉਸਤਤੀ ਵਜੋਂ ਦਰਜ ਕੀਤੇ ਜਾਣ। ਗੁਰਦੇਵ ਨੇ ਆਖਿਆ। ਗੁਰੂ ਘਰ ਵਿਚ ਡਰ ਜਾਂ ਖੁਸ਼ਾਮਦ ਨਹੀਂ ਚਲ ਸਕਦੀ। ਪ੍ਰਭੂ ਦੇ ਬੰਦੇ ਪ੍ਰਭੂ ਦੇ ਹੁਕਮ ਬਗੈਰ ਕੁਝ ਨਹੀਂ ਕਰ ਸਕਦੇ। ਖੁਸ਼ਾਮਦ ਨਹੀਂ ਚਲ ਸਕਦੀ। ਆਦਿ ਸ੍ਰੀ ਗੁਰੂ ਗ੍ਰੰਥ ਵਿਚ ਭੁਲੇਖੇ ਦੀ ਸੰਭਾਵਨਾ ਨਹੀਂ ਜਹਾਂਗੀਰ ਨੇ ਆਖਿਆ ਕੁਝ ਸ਼ਬਦ ਜੋ ਇਸਲਾਮ ਤੋਂ ਵਿਰੁਧ ਇਸ ਵਿਚ ਦਰਜ ਹਨ ਉਹ ਕਢ ਦਿਤੇ ਜਾਣ। ਗੁਰੂ ਜੀ ਆਖਿਆ ਇਸ ਪਵਿਤਰ ਗਰੰਥ ਵਿਚ ਕਿਸੇ ਵੀ ਧਰਮ ਦਾ ਦਿਲ ਦੁਖਾਣ ਵਾਲੀ ਕੋਈ ਗੱਲ ਨਹੀਂ ਲਿਖੀ ਗਈ। ਜਹਾਂਗੀਰ ਨੇ ਬਿਨਾਂ ਕਿਸੇ ਕਸੂਰ ਗੁਰੂ ਜੀ ਉਤੇ ਭਾਰੀ ਜੁਰਮਾਨਾ ਕਰ ਦਿਤਾ। ਗੁਰੂ ਜੀ ਨੇ ਆਖਿਆ ਜੁਰਮਾਨਾ ਅਪਰਾਧੀ ਦਿੰਦਾ ਹੈ। ਡਾਕੂ, ਚੋਰ ਤੇ ਧਾੜਵੀ ਜੁਰਮਾਨੇ ਭਰਦੇ ਹਨ। ਮੈਂ ਕੋਈ ਅਪਰਾਧੀ ਜਾਂ ਧਾੜਵੀ ਲੁਟੇਰਾ ਨਹੀਂ। ਬਿਨਾਂ ਕਿਸੇ ਕਾਰਨ ਮੈਂ ਏਡਾ ਭਾਰੀ ਜੁਰਮਾਨਾ ਕਿਉਂ ਭਰਾਂ? ਇਹ ਤਸ਼ਦੱਦ ਹੈ। ਜ਼ੋਰ ਨਹੀਂ ਚਲ ਸਕਦਾ:—

ਹਲੇਮੀ ਰਾਜ ਦਾ ਸੁਪਨਾ ਸਾਕਾਰ ਕਰਨਾ ਹੈ ਮੌਤ ਕੁਝ ਵੀ ਚੀਜ਼ ਨਹੀਂ। ਮੌਤ ਮੇਰੇ ਲਈ ਅੰਮ੍ਰਿਤ ਹੈ। ਮੌਤ ਵਿਚ ਜ਼ਿੰਦਗੀ ਦਾ ਰਾਜ਼ ਛੁਪਿਆ ਹੈ।

ਪਹਿਲਾਂ ਮਰਣਿ ਕਬੂਲ ਜੀਵਣ ਕੀ ਛਡ ਆਸ
ਹੋਹੁ ਸਗਲ ਕੀ ਰੇਣ ਕਾ ਆਉ ਹਮਾਰੇ ਪਾਸ।

ਜਹਾਂਗੀਰ ਦਾ ਹੁਕਮ ਸੀ ਕਿ ਗੁਰੂ ਅਰਜਨ ਨੂੰ ਤਸੀਹੇ ਦੇ ਕੇ ਮਾਰਿਆ ਜਾਵੇ ਪ੍ਰੰਤੂ ਇਹ ਚੰਦੂ ਨੇ ਸੋਚਿਆ ਕਿ ਤਸੀਹੇ ਕਿਸ ਪ੍ਰਕਾਰ ਦੇ ਦਿਤੇ ਜਾਣ। ਜਹਾਂਗੀਰ ਗੁਰੂ ਜੀ ਨੂੰ ਚੰਦੂ ਦੇ ਹਵਾਲੇ ਕਰਕੇ ਕਸ਼ਮੀਰ ਵਲ ਨਿਕਲ ਗਿਆ। ਕੁਝ ਇਤਹਾਸਕਾਰ ਇਹ ਵੀ ਆਖਦੇ ਹਨ ਕਿ ਚੰਦੂ ਨੇ ਜਹਾਂਗੀਰ ਨਾਲ ਸੌਦਾ ਕਰ ਲਿਆ ਸੀ। ਉਸ ਆਖਿਆ ਕਿ ਜੁਰਮਾਨਾ ਮੈਂ ਭਰ ਦਿੰਦਾ ਹਾਂ। ਗੁਰੂ ਮੇਰੇ ਹਵਾਲੇ ਕਰ ਦਿਉ। ਸੋ ਇਸ ਤਰਾਂ ਸੌਦਾ ਕੀਤਾ ਗਿਆ। ਸ਼ਾਂਤੀ ਦੇ ਪੁੰਜ ਉਤੇ ਤਤੀ ਰੇਤ ਸਿਰ ਵਿਚ ਪਾਈ ਗਈ। ਥਲੇ ਤਤੀ ਤਵੀ ਸੀ। ਫਿਰ ਉਬਲਦੇ ਪਾਣੀ ਵਿਚ ਉਬਾਲਿਆ ਗਿਆ। ਗੁਰਦਿਤੇ ਭੜਭੂੰਜੇ ਨੇ ਰੇਤ ਦੇ ਕੜਛੇ ਭਰ ਭਰ ਕੇ


www.AKJ.org

ਕੇਸਾਂ ਵਿਚ ਪਾਏ। ਪਰ ਅਗੋਂ ਅੰਮ੍ਰਿਤ ਵਸ ਰਿਹਾ ਸੀ। 'ਤੇਰਾ ਭਾਣਾ ਮੀਠਾ ਲਾਗੇ' 'ਦੁਖ ਨਾਹੀ ਸਭ ਸੁਖ ਹੀ ਹੈ ਰੇ ਹਾਰ ਨਹੀ ਸਭ ਜੇਤੇ 'ਬੁਰਾ ਨਾਹੀ ਸਭ ਭਲਾ ਹੀ ਹੈ ਰੇ' ਦੇ ਸੰਦੇਸੇ ਆ ਰਹੇ ਸਨ। 'ਤੇਰੇ ਭਾਣੇ ਅੰਮ੍ਰਿਤ ਵਰਸੈ'' ਦੀਆਂ ਧੁਨਾਂ ਗੂੰਜ ਰਹੀਆਂ ਸਨ। ਸਾਂਈ ਮੀਆਂ ਮੀਰ ਜ਼ੁਲਮ ਨਾ ਵੇਖ ਸਕਿਆ ਆਖਣ ਲਗਾ ਦਿੱਲੀ ਤੇ ਲਾਹੌਰ ਦੀ ਇਟ ਭੇੜ ਦਿਆਂ ਜੇਕਰ ਹੁਕਮ ਹੋਵੇ...ਸਤਿਗੁਰੂ ਜੀ......ਸਤਿਗੁਰੂ ਰਬੀ ਰੰਗਾਂ ਵਿਚ ਬੋਲੇ—ਭਾਣਾ ਮੰਨਣ ਵਿਚ ਡਾਢਾ ਸੁਆਦ ਹੈ। ਭਾਣਾ ਪ੍ਰਭੂ ਦੇ ਡੂੰਘੇ ਆਤਮਕ ਤਜਰਬੇ ਨੂੰ ਸਿਧ ਕਰਦਾ ਹੈ। ਜੰਗ ਵਿਚ ਹਥਿਆਰ ਫੜਕੇ ਛਤਰੀ ਬਣ ਕੇ ਮਰ ਮਿਟਣਾ ਨਿਰੀ ਬੀਰਤਾ ਨਹੀਂ......ਜੋ ਸਿਰ ਤੇ ਆਵੇ ਸਬਰ ਸ਼ੁਕਰ ਨਾਲ ਝਲੀਏ ਇਹ ਵੀ ਇਕ ਬੀਰਤਾ ਹੈ। ਮੇਰੇ ਕੇਵਲ ਇਕ ਸ੍ਰੀਰ ਬਚਾਣ ਲਈ ਦਿਲੀ ਤੇ ਲਾਹੌਰ ਦੇ ਭੇੜ ਕਰਕੇ ਕਿਨੀਆਂ ਜਾਨਾਂ ਦਾ ਨੁਕਸਾਨ ਹੈ। ਮੈਂ ਹੀ ਕਿਉਂ ਆਪ ਭਾਣਾ ਨਾ ਮੰਨ ਲਵਾਂ। ਪ੍ਰਭੂ ਦੀ ਇਨੀ ਦੁਨੀਆਂ ਨੂੰ ਕਿਉਂ ਵਖਤ ਪਾਵਾਂ। ਮੈਂ ਰੱਬ ਦੀ ਰਜ਼ਾ ਵਿਚ ਰਾਜ਼ੀ ਹਾਂ। ਸੇਵਕ ਕੋ ਨਿਕਟੀ ਹੋਇ ਦਖਾਵੈ''

'ਓੜਕ ਨਿਬਹੀ ਪ੍ਰੀਤ ਸੇਵਕ ਕੀ।

ਕਰਾਮਾਤ ਕਹਿਰ ਦਾ ਨਾਂ ਹੈ। ਆਖਰ ਇਸ ਠੀਕਰ ਨੇ ਇਕ ਦਿਨ ਫੁਟਣਾ ਹੈ। ਹੁਣ ਇਹ ਕਿਸੇ ਉਚ ਆਦਰਸ਼ ਲਈ ਠੀਕਰ ਤੋੜ ਦੇਣਾ ਹੀ ਪ੍ਰਭੂ ਦਾ ਪਰਮ ਪਿਤਾ ਪਰਮਾਤਮਾ ਦਾ ਹੁਕਮ ਹੈ। ਤੁਸੀਂ ਅਰਦਾਸ ਕਰੋ ਸੇਵਕ ਦੀ ਪ੍ਰੀਤ ਨੇਪਰੇ ਚੜੇ।

ਮੀਆਂ ਮੀਰ ਸਤਗੁਰਾਂ ਦੇ ਅਮ੍ਰਿਤ ਬਚਨ ਸੁਣ ਕੇ ਸ਼ਾਂਤ ਹੋ ਗਿਆ। ਚੰਦੂ ਦੀ ਨੂੰਹ ਵੀ ਸ਼ਾਂਤ ਮਈ ਦਾ ਅੰਮ੍ਰਿਤ ਲੈ ਕੇ ਵਾਪਸ ਪਰਤ ਗਈ। ਪ੍ਰਲਾਦ ਡੋਲ ਗਿਆ ਸੀ। ਉਸ ਤਤੇ ਥੰਮ ਨੂੰ ਜਫੀ ਪਾਉਣ ਤੋਂ ਪਹਿਲੇ ਪ੍ਰਭੂ ਨੂੰ ਰੂਪ ਧਾਰਕੇ ਆਉਣ ਲਈ ਮਜਬੂਰ ਕਰ ਦਿਤਾ ਸੀ। ਹਜ਼ਰਤ ਈਸਾ ਨੇ ਕਿਹਾ ਹੇ ਮੇਰੇ ਪ੍ਰਭੂ ਸਵਰਗੀ ਪਿਤਾ ਮੈਨੂੰ ਪ੍ਰੀਖਿਆ ਵਿਚ ਨਾ ਪਾਈਂ। ਗੁਰੂ ਅਰਜਨ ਦ ਵਿਸ਼ਵਾਸ਼ ਨਾ ਡੋਲਿਆ। ਉਸ ਪ੍ਰਭੂ ਪਿਆਰੇ ਦ ਜੋਗ ਸਮਾਧੀ ਜੁੜੀ ਸੀ। ਆਸਣ ਦਸਵੇਂ ਦੁਆ ਸੀ। ਪ੍ਰੀਖਿਆ ਵਿਚ ਅਡੋਲ ਸੀ। ਉਹ ਮਹਾ ਯੁਗ ਪੁਰਸ਼।

'ਤਨ ਮਨ ਕਾਟ ਕਾਟ ਸਭ ਅਰਪੀ,
ਵਿਚ ਅਗਨੀ ਆਪ ਜਲਾਈ।

'ਮੁਰਦਾ ਹੋਇ ਮੁਰੀਦ ਨਾ ਗਲੀ ਹੋਵਣਾ' ਦ ਅਮਲੀ ਸਬਕ ਤਤੀ ਤਵੀ ਉਤੇ ਪੜ੍ਹਿਆ ਜਾ ਰਿਹਾ ਸੀ। ਜਬਰ ਤੇ ਸਬਰ ਦਾ ਸਾਮਰਤਖ ਜੁੱਧ ਹੋ ਰਿਹਾ ਸੀ। ਵਹਿਸ਼ੀ ਅਤਿਆਚਾਰ ਗੁਰੂਅਰਜਨ ਨੂੰ ਡੁਲਾ ਨਾ ਸਕੇ। ਗੁਰੂ ਜੀ ਦੀ ਸਥਿਰਤ,ਆਤਮਾ ਦਾ ਵਿਸ਼ਵਾਸ਼ ਨਾ ਡੋਲਿਆ।

## ਸਾਰ

ਉਨਾਂ ਦੀ ਆਪਣੀ ਸਖਸ਼ੀਅਤ, ਖੁਸਰੋ ਦੀ ਸੁਭਾਵਕ ਮਦਦ ਕਰਨ ਕਰਕੇ ਬਾਦਸ਼ਾਹ ਜਹਾਂਗੀਰ ਦੀ ਤੰਗ ਦਿਲੀ ਤੇ ਤੁਅਸਬ ਕਰਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਵਿਤਰਤਾ ਕਾਇਮ ਰਖਣ ਲਈ ਸਹਾਦਤ ਦਾ ਪਿਆਲਾ ਪੀਣਾ ਪਿਆ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿਤਰਤਾ ਤੇ ਸਥਿਰਤਾ ਲਈ ਇਹ ਸ਼ਹਾਦਤ ਹੋਈ। ਜਹਾਂਗੀਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਦੇ ਪ੍ਰਕਾਸ਼ ਨੂੰ ਬੰਦ ਕਰਨੋਂ ਰੋਕਦਾ ਹੈ ਗੁਰੂ ਅਰਜਨ ਦੇਵ ਜੀ ਹੱਕ ਪ੍ਰਸਤ ਵਾਂਗ ਅਪਣਾ ਆਪਾ ਭੇਟ ਚੜਾਉਂਦੇ ਹਨ, ਆਦਿ ਬੀੜ ਵਿਚੋਂ ਸ਼ਬਦ ਕਢਣੇ ਤੇ ਪਾਉਣੇ ਜਿਵੇਂ ਬਾਦਸ਼ਾਹ ਆਖਦਾ ਸੀ ਸਾਰੇ ਮਾਮਲੇ ਧਾਰਮਕ ਸਨ। ਬਾਦਸ਼ਾਹ ਇਨ੍ਹਾਂ ਵਿਚ ਸਿੱਧਾ ਦਖਲ ਦਿੰਦਾ ਹੈ।

—o—

www.AKJ.Org

# ਗੁਰ-ਸਿੱਖ ਮੀਤ—ਨੰਃ ੩

(ਵਲੋਂ—ਗਿ: ਦਲਜੀਤ ਸਿੰਘ "ਕਮਲ" ਨਾਸਿਕ ਸਿਟੀ)

[ਲੜੀ ਜੋੜਨ ਲਈ ਦੇਖੋ ਮਈ ਦਾ ਪਰਚਾ 1969]

## ਪ੍ਰੇਮ-ਉਡੀਕਾਂ

ਗੁਰ-ਸਿਖੀ ਕੀ ਹੈ ? ਪ੍ਰੇਮ ਦੀ ਲੀਲਾ, ਪਿਆਰ ਦਾ ਡਰਾਮਾ, ਜਿਸ ਵਿਚ ਤਾਂਘਾਂ, ਤੜਪਾਂ ਤੇ ਸਿਕਾਂ ਨਾਚ ਕਰਦੀਆਂ ਹਨ, ਤੜਪਾਂ ਬੇਕਰਾਰ ਕਰਦੀਆਂ ਹਨ। ਤਾਂਘ ਚਕੋਰ ਦੀ, ਸਿਕ ਚਾਤ੍ਰਿਕ ਦੀ, ਤੜਪ ਪਾਰੇ ਦੀ, ਉਹ ਜੋਸ਼ ਨਹੀਂ ਦਿਖਾ ਸਕਦੀ ਜੋ ਗੁਰਸਿਖੀ ਦਾ ਸਿੱਖ ਪਿਆਰ ਮਿਤਾਂ, ਪੁਤਾਂ, ਭਾਈਆਂ ਵਿਚ ਆਇਆ ਹੋਇਆ ਮਨ ਪੇਸ਼ ਕਰਦਾ ਹੈ।

ਹੋਵੇ ਭੀ ਕਿਉਂ ਨਾ, ਸਿੱਖੀ ਮਾਰਗ ਦਾ ਮਨੋਰਥ ਸਾਗਰ ਨੂੰ ਕਤਰੇ ਵਿਚ ਮਿਲਾਣਾ ਹੈ। ਕੌਣ ਨਹੀਂ ਜਾਣਦਾ ਕਿ ਵਿਛੜੇ ਹੋਏ ਕਤਰੇ ਲਈ ਸਾਗਰ ਵਿਚ ਮਿਲਣ ਲਈ ਕੀ ਨਹੀਂ ਸਹਾਰਨਾ ਪੈਂਦਾ। ਸੂਰਜ ਦੇ ਕੰਧੇ ਚੜ੍ਹ, ਭਾਪ ਬਣਨਾ, ਉਚੇ ਮੰਡਲਾਂ ਦੀ ਹਵਾ ਖਾ ਬੱਦਲ ਬਣਨਾ, ਖਿੱਚ ਖਾ ਬਰਸ-ਬੂੰਦ ਹੋਣਾ, ਪਰਬਤਾਂ ਦੀਆਂ ਚੋਟੀਆਂ ਤੋਂ ਸਿਲਾਂ ਤੇ ਚਿਟਾਨਾਂ ਨਾਲ ਟਕਰਾ ਟਕਰਾ ਮੂੰਦੜੇ ਮੂੰਹ ਆਬਸ਼ਾਰ ਨਾਲ ਰਲ, ਨਦੀ ਵਿਚ ਦੀ ਹੋ, ਚਿਰਾਂ ਦੀ ਘਾਲ ਪਿਛੋਂ ਸਾਗਰ ਨਾਲ ਜਾ ਪਰਾਪਤ ਹੁੰਦਾ ਹੈ। ਰੂਹਾਨੀ ਜਗਤ ਵਿਚ ਸਿਖ ਵੀ ਇਕ ਕੱਤਰਾ ਹੈ, ਜਿਸਨੇ ਗੁਰ ਸਾਗਰ, ਰਤਨੀ ਭਰਪੂਰੇ ਵਿਚ ਸਮਾਣਾ ਹੈ, ਤੇ ਉਥੋਂ 'ਹੀਰੇ' ਰਤਨ ਲੱਭ, ਸਦੀਵ ਕਾਲ ਲਈ ਤ੍ਰਿਪਤ ਹੋ, ਸਾਰੀਆਂ ਦੁਖਾਂ, ਭੁਖਾਂ ਨੂੰ ਦੂਰ ਕਰ ਸਚੇ ਸੁਖ ਦੀ ਪਰਾਪਤੀ ਕਰਨੀ ਹੈ। ਇਸ ਲਈ ਘਾਲ ਭੀ ਕਤਰੇ ਵਾਂਗ ਹੀ ਘਾਲਦਾ ਹੈ, ਨਿਵਾਣਾਂ ਨੂੰ ਤੇਜ਼ ਦੌੜਨ ਵਾਂਗ ਹੀ, ਗਰੀਬ ਹਿਰਦਿਆਂ ਵਿਚ, ਸਿਖੀ ਦੇ ਵਹਿਣ ਭੀ ਤਿਖੇ ਵੇਗ ਅਖਤਿਆਰ ਕਰਦੇ ਹਨ। ਹਿਰਦੇ ਅੰਦਰ, ਸੱਚਾ ਪ੍ਰੇਮ ਕਰਕੇ ਹੀ ਗੁਰੂ ਦੀ ਮਿਹਰ ਸਦਕਾ ਸਚੀ ਸੁਚੀ ਗੁਰ ਸਿੱਖੀ ਪ੍ਰਾਪਤ ਹੁੰਦੀ ਹੈ। ਤਨ ਮਨ ਨਿਰਾਲੇ ਨੂਰ ਨਾਲ ਚਮਕ ਉਠਦੇ ਹਨ, ਧੰਨ ਗੁਰਸਿੱਖੀ ! ਧੰਨ ਗੁਰਦੇਵ!! ਦਾਸ ਦੇ ਹਿਰਦੇ ਅੰਦਰ ਹਾਰਦਿਕ ਪ੍ਰੇਮ, ਹਦੋਂ ਵਧਿਆ ਹੋਇਆ ਸੀ। ਦਾਸ ਬਹੁਤ ਬਿਹਬਲਤਾ ਸਾਹਿਤ ਭਾਈ ਦਰਸ਼ਨ ਸਿੰਘ ਹੋਰਾਂ ਪਾਸ ਦੌਲਤ ਵਿੱਲਾ ਪੁਜਾ ਤੇ ਸ੍ਰੀ ਮਾਨ ਭਾਈ ਸਾਹਿਬ ਜੀ ਦੇ ਦਰਸ਼ਨਾਂ ਲਈ ਬੇਨਤੀ ਕੀਤੀ, ਉਹ ਕਹਿਣ ਲਗੇ ਪੋਹ ਸੁਦੀ ਸਪਤਮੀ ਦੇ ਗੁਰਪੁਰਬ ਤੇ ਸਾਰੀ ਸੰਗਤ ਹੀ ਚਲਾਂਗੇ, ਹੁਣ ਆਪਾਂ ਸਾਰੇ ਇਕ ਨਾਮ ਅਭਿਆਸ ਦੀ ਰੈਣ ਸਬਾਈ ਕਰੀਏ।

## ਗੁਰਸਿੱਖੀ ਤੇ ਮੋਹਰਾਂ
## ਭਾਂਡੁਪ ਦੀ ਰੈਣ ਸਬਾਈ

ਸਾਰੇ ਵੀਰ ਬੀਬੀਆਂ ਸੈਂਟਰਲ ਰੇਲਵੇ ਮਾਟੂੰਗਾ ਬੰਬਈ ਤੋਂ ਲੋਕਲ ਟਰੇਨ ਤੇ ਬੈਠਕੇ ਬਹੁਤ ਚਾਵਾਂ ਤੇ ਪਿਆਰਾਂ ਸਹਿਤ ਭਾਂਡੁਪ ਨੂੰ ਚਲ ਪਏ ਕਿਉਂਕਿ ਸ੍ਰੀ ਮਾਨ ਭਾਈ ਸਾਹਿਬ ਦੇ ਇਥੇ ਬੇਅੰਤ ਸੰਗਤਾਂ ਸਹਿਤ ਪੁਜਕੇ ਇਸ ਧਰਤੀ ਨੰ ਭਾਗ ਲਾਵਣ ਤੋਂ ਬਾਅਦ ਭਾਂਡੁਪ ਨਾਲ ਬਹੁਤ ਪਿਆਰ ਸੀ : ਵੈਸੇ ਵੀ ਇਥੇ ਗੁਰਮੁਖਿ ਪਿਆਰੇ ਭਾਈ ਮਨੋਹਰ ਸਿੰਘ ਜੀ, ਭਾਈ ਹਰੀ ਸਿੰਘ ਜੀ, ਭਾਈ ਸੰਤੋਖ ਸਿੰਘ ਜੀ (ਡਾਕਟਰ) ਸਾਹਿਬ ਜਥੇਦਾਰ ਸੰਤੋਖ ਸਿੰਘ ਜੀ ਹੋਰ ਵੀ ਬਹੁਤ ਪ੍ਰੇਮੀ ਮਾਈ ਭਾਈ ਬਹੁਤ ਕਰਕੇ ਭਾਂਡੁਪ ਹੀ ਰਹਿੰਦੇ ਸਨ। ਸਾਰੀਆਂ ਸੰਗਤਾਂ ਭਾਂਡੁਪ ਸਟੇਸ਼ਨ ਤੋਂ ਸਿਧੀਆਂ ਭਾਈ ਸਾਹਿਬ ਮਨੋਹਰ ਸਿੰਘ ਜੀ

www.AKJ.Org

ਦੇ ਸ਼ੀਸ਼ ਮਹਿਲਾਂ ਵਿਚ ਪੁਜ ਗਈਆਂ। ਇਥੋਂ ਵਾਜਾ, ਜਲ, ਦਰੀਆਂ ਤੇ ਹੋਰ ਲੁੜੀਂਦਾ ਸਾਮਾਨ ਲੈ ਕੇ ਭਾਂਡੁਪ ਦੀ ਪਹਾੜੀ ਵਲ ਕਮਰ ਕੱਸੇ ਕੀਤੇ । ਸਿੰਘਾਂ ਤੁਰਨਾ ਸੀ ਕਿ ਬਸ ਘਟਾਂ ਚੜ੍ਹ ਆਈਆਂ । ਬਿਜਲੀ ਗਰਜਣ ਲਗ ਪਈ, ਪਰ ਇਹ ਆਸ਼ਕ ਲੇਖੇ ਵਰਤਣ ਵਾਲੇ ਨਹੀਂ ਸਨ ਜੋ ਡਰ ਜਾਂਦੇ। ਹਾਂ ਕਈ ਮੇਰੇ ਜੈਸੇ ਦਿਲੜਾਂ ਨੇ ਇਹ ਕਹਿ ਹੀ ਦਿਤਾ ਕਿ ਵੀਰ ਜੀ ਉਪਰ ਨਾਂ ਚਲੀਏ ਤਾਂ ਠੀਕ ਹੈ ਪਰ ਬਹੁਤ ਸਾਰੇ ਗੁਰਸਿਖਾਂ ਪ੍ਰੇਮੀਆਂ ਦੀਆਂ ਤਾਂਘਾਂ ਚੁਫੇਰਿਉਂ ਧੂਹਾਂ ਧਾ ਰਹੀਆਂ ਸਨ, ਨਵ-ਬਾਲੜੇ, ਨਵ-ਜੋਬਨੀ, ਨਵ-ਚੇਲੇ ਕਲਗੀਧਰ ਪਾਤਸ਼ਾਹ ਦੀ ਚਰਨੀ ਲਗ ਚੁਕੇ ਪਿਆਰੇ ਹਰਨਾਂ ਵਾਂਗ ਚੁੰਗੀਆਂ ਭਰਦੇ ਪਹਾੜੀ ਦੇ ਪੰਧ ਨੂੰ ਤਹਿ ਕਰਦੇ ਚੜ੍ਹਾਈ ਵਲ ਵਧਦੇ ਜਾ ਰਹੇ ਸਨ। ਸਤਿਗੁਰੂ ਜੀ ਦੇ ਗੁਰਮਤਿ ਨਾਮ ਦੀ ਗੁੜ੍ਹਤੀ ਉਹਨਾਂ ਨੂੰ ਆਪਾ ਭੁਲਾ ਚੁਕੀ ਸੀ । ਭਾਂਡੁਪ ਪਾਵਰ ਹਾਊਸ ਵਿਚੋਂ ਦੀ ਲੰਘ ਕੇ. ਸਾਰੀ ਪਹਾੜੀ ਦੀ ਔਖੀ ਮੰਜ਼ਲ ਨੂੰ ਤਹਿ ਕਰਕੇ ਸਾਰੀਆਂ ਫੌਜਾਂ ਨੇ ਪਹਾੜੀ ਦੀ ਸਿਖਰ ਚੋਟੀ ਤੇ ਜਾ ਡੇਰੇ ਲਾਏ । ਜਿਵੇਂ ਬਾਵਨ ਚੰਦਨ ਦੀ ਸੁਗੰਧੀ ਤੇ ਠੰਡਕ ਪਰਾਪਤ ਕਰਨ ਵਾਲੇ ਮਨੁਖਾਂ ਨੂੰ ਜ਼ਹਿਰੀਲੇ ਸੱਪ ਫੁੰਕਾਰੇ ਮਾਰਕੇ ਡਰਾਂਉਂਦੇ ਹਨ ਇਸੇ ਹੀ ਤਰਾਂ ਅਜ ਹੋ ਰਿਹਾ ਸੀ।

ਚਉਤਰਫ਼ੀ ਘਟਾਂ ਚੜ੍ਹ ਆਈਆਂ ਜਾਂ ਅਜ ਦੇ ਪ੍ਰੇਮੀਆਂ ਦਾ ਇਮਤਿਹਾਨ ਲਿਆ ਜਾ ਰਿਹਾ ਸੀ। ਦਰੀਆਂ ਵਿਛ ਗਈਆਂ, ਢੋਲਕੀਆਂ ਵਾਜੇ ਖੁਲ ਗਏ, ਸਚੇ ਦਾਤਾਰ ਦੇ ਭਰੇ ਭੰਡਾਰਿਆਂ ਵਿਚੋਂ ਮਸਤ ਹਵਾਵਾਂ ਦੇ ਅਤਿ ਠੰਡੇ ਮਿਠੇ, ਸੁਗੰਧਤ ਝੋਲੇ ਆ ਰਹੇ ਸਨ ਕਿ ਮਖਮੂਰ ਕਰੀ ਜਾ ਰਹੇ ਸਨ। ਇਹ ਉਹ ਇਕਾਂਤ ਅਸਥਾਨ ਸੀ ਕਿ ਜਿਥੇ ਲੋਕ-ਲਾਜਾਂ ਥੱਲੇ ਰਹਿ ਚੁਕੀਆਂ ਸਨ। ਉਹ ਉਚਾ ਅਸਥਾਨ ਸੀ ਜਿਥੇ ਕੋਈ ਸਾਕਤ, ਮਨਮੁਖ, ਅਧਰਮੀ, ਕੱਚ ਘਰੜ ਜੀਵ ਇਹਨਾਂ ਪ੍ਰੇਮੀ ਪੁਤਲਿਆਂ ਨੂੰ ਮਸ਼ਖਰੀਆਂ ਨਹੀਂ ਕਰ ਸਕਦਾ ਸੀ, ਹਾਸੇ ਮਜ਼ਾਕ ਨਹੀਂ ਉਡਾ ਸਕਦਾ ਸੀ। ਇਹ ਤੇ ਕੇਵਲ ਪਰਵਾਨਿਆਂ ਦੀ ਸੰਗਤ ਦੀਆਂ ਜੋੜੀਆਂ ਜੁੜੀਆਂ ਸਨ । ਇਸ ਪਹਾੜੀ ਦੇ ਅਜ ਭਾਗ ਜਾਗ ਪਏ ਸਨ। ਨਾਮ ਦੀਆਂ ਬਾਣੀ ਦੀਆਂ ਘਟਾਂ ਨੂੰ ਇੰਦਰ ਦੀਆਂ ਘਟਾਂ ਮਾਤ ਕਰ ਰਹੀਆਂ ਸਨ। ਅਜ ਦਾ ਇਹ ਦ੍ਰਿਸ਼ ਤੇ ਇਕ ਅਭੁਲ ਯਾਦ ਸੀ ਜੋ ਲੇਖਕ ਦੇ ਹਿਰਦੇ ਤੇ ਸਦੀਵ ਕਾਲ ਲਈ ਉਕਰੀ ਗਈ ਤੇ ਅਜ ਫੁਟ ਫੁਟ ਬਾਹਰ ਆ ਰਹੀ ਏ। ਭਾਵੇਂ ਬਹੁਤ ਕੁਝ ਯਾਦ ਨਹੀਂ ਰਿਹਾ ਪਰ ਜੋ ਤਿਲ-ਮਾਤਰ ਵੀ ਯਾਦ ਹੈ ਉਹ ਆਉਣ ਵਾਲੀ ਨਵੀਂ ਗੁਰਸਿਖ ਪਨੀਰੀ ਲਈ ਬਹੁਤ ਹੀ ਲਾਭਦਾਇਕ ਹੋਵੇਗਾ :—

## ਘਟਾਂ ਦਾ ਮੁਕਾਬਲਾ

ਜਿਵੇਂ ਉਚੀਆਂ ਧੁਨੀਆਂ ਅੰਦਰ ਗੁਰਬਾਣੀ ਦੇ ਕੀਰਤਨ ਅਰੰਭ ਹੋਇ। ਇੰਜ ਪਰਤੀਤ ਹੋਣ ਲਗਾ ਕਿ ਪਹਾੜ ਦੇ ਫੁਲ ਬੂਟੇ ਵੀ ਇਕ ਸੁਰ ਹੋ ਕੀਰਤਨ ਕਰ ਰਹੇ ਹਨ। ਜ਼ਰੇ ਜ਼ਰੇ ਵਿਚ ਖੇੜੇ ਖਿੜ ਉਠੇ-ਬ੍ਰਹਿਮੰਡ-ਗੂੰਜਦਾ ਨਜ਼ਰ ਆਇਆ ਵਜ ਰਹੇ ਵਾਜੇ ਢੋਲਕੀਆਂ ਵੀ ਸ਼ਾਂਤ ਹੋ ਗਏ ਡਾਕਟਰ ਸੰਤੋਖ ਸਿੰਘ ਜੀ ਭਾਂਡੁਪ ਵਾਲਿਆਂ ਬੜੀਆਂ ਮਿਠੀਆਂ ਧੁਨੀਆਂ ਵਿਚ ਬਾਣੀ ਦੇ ਅਲਾਪ ਸ਼ੁਰੂ ਕੀਤੇ ਸਾਰਿਆਂ ਪਰਵਾਨਿਆਂ ਦੇ ਮਸਤਾਨੇ ਮੁਖੜਿਆਂ ਵਿਚੋਂ ਇਹ ਬਾਣੀ ਦੀ ਸਰੋਤ ਤੇ ਉਚਾਰਨ ਦੇ ਨਾਲ ਹੀ ਨੈਣ ਸੋਮੇਂ ਫੁਟ ਫੁਟ ਵਹਿ ਤੁਰੇ–ਅਕਾਸ਼ ਦੀ ਵਰਖਾ ਤੇ ਅਜੇ ਤਿਆਰੀਆਂ ਕਰ ਰਹੀ ਸੀ, ਪਰ "ਪਹਿਲ–ਖਾਲਸੇ" ਨੇ ਹੀ ਕਰ ਦਿੱਤੀ ਨਾਮ ਵਰਖਾ, ਬਾਣੀ ਵਰਖਾ ਤੇ ਨੈਣਾਂ ਦੀ ਵਰਖਾ ਨੂੰ ਦਾਸ ਕੀ ਲਿਖੇ ਤੇ ਬਿਆਨੇ ਬੱਸ ਦੇਖਾ ਹੀ ਪਰਵਾਨ ਸੀ ਦਾਸ ਨੂੰ ਬਾਣੀ ਤੇ ਬਥੇਰੀ ਯਾਦ ਸੀ ਪਰ ਸੁਰ ਕਲਾਮ ਦਾ ਕੋਈ ਪਤਾ ਨਹੀਂ ਸੀ ਨਾਂ ਹੀ ਅਜੇ, ਸ਼ਬਦ ਰੀਤ ਦੀ ਪੂਰੀ ਸੋਝੀ ਸੀ ਪਰ ਕੱਟੇ ਵਾਂਗ ਐਸਾ ਅੜਾਟ ਪਾਇਆ ਕੇ ਚੜ੍ਹ ਆਈਆਂ ਘਟਾਂ ਤੇ ਬਿਜਲੀ ਲਿਸ਼ਕ ਬਦਲਾਂ ਦੀ ਗਰਜ ਵੀ ਕੁਝ ਸਮੇਂ ਲਈ ਸੁਣਨ ਲਈ ਮਜਬੂਰ ਹੋ ਗਈ ਮੇਰੀ ਜ਼ਿੰਦਗੀ ਦਾ ਉਹ ਪਹਿਲਾ ਦਿਨ ਸੀ ਜੋ ਬਾਣੀ ਦਾ ਪੂਰਨ ਅਨੰਦ ਪਰਾਪਤ ਹੋਇਆ ਬਸ ਜਿਉਂ ਜਿਉਂ ਵੈਰਾਗ ਦੇ ਕੜ ਛੁਟਣ ਤਿਉਂ ਤਿਉਂ ਤਰੰਗਾਂ ਉਠਣ ਵੀਰ ਦਰਸ਼ਨ ਸਿੰਘ ਜੀ ਤੇ ਉਹ ਪਿਆਰ ਕਰਨ ਲਗੇ ਗਲਵਕੜੀ ਵਿਚ ਲੈਕੇ ਉਹਨਾਂ ਗੁਪਤ ਖੇਲਾਂ ਵਰਤਾਈਆਂ ਜੋ ਦਾਸ ਗੁਪਤ ਹੀ ਰਖਦਾ ਹੈ ਇਕ ਪਾਸੇ ਤੇ ਭਾਂਡਪੁ ਪਹਾੜੀ ਤੇ ਗੁਰਸਿਖਾਂ ਦੇ ਤਨ, ਮਨ ਅੰਦਰ ਇਜੇ ਘਟਾਂ ਚੜੀਆਂ ਹੋਈਆਂ ਸੀ ਪਰ ਦੂਜੇ ਪਾਸੇ ਜਿਵੇਂ ਮੁਕਾਬਲੇ ਵਿਚ ਹਲੇ ਤੇ ਹੱਲਾ ਹੁੰਦਾ ਹੈ ਇਸ ਤਰਹ ਵਾਹੋ ਦਾਹੀ ਇਹ ਗਰਜ਼ ਤੇ ਕਾਲੀਆਂ ਘਟਾਂ ਤੇ ਬਿਜਲੀ ਦੀ ਭਿਆਨਕ ਚਮਕ ਬਹੁਤ ਨੇੜੇ ਆ ਪੁਜੀ ਬਸ ਇੰਝ ਪਿਆ ਲਗੇ ਕਿ ਹੁਣ ਜੋ ਅੰਮ੍ਰਿਤ ਵੇਲੇ ਦੇ ਅੰਮ੍ਰਿਤ ਰਸ ਹਨ ਇਸ ਵਿਚ ਇਹ ਖਲਰ


www.AKJ.org

ਪਾਣਗੀਆਂ ਪਰ ਅਗੇ ਵੀ ਸ੍ਰੀ ਕਲਗੇਸ ਜੀ ਦੇ ਖੜਗਧਾਰੀ ਸੰਤ ਸਿਪਾਹੀ ਡਟਕੇ ਮੁਕਾਬਲਾ ਕਰਨ ਲਈ ਸਿਰ ਧੜ ਦੀ ਬਾਜ਼ੀ ਲਾਈ ਬੈਠੇ ਸਨ ਜਿਸ ਵੇਲੇ ਵੀਰ ਦਰਸ਼ਨ ਸਿੰਘ ਜੀ ਨੇ ਵੇਖਿਆ ਕਿ ਇੰਦਰ ਦਾ ਇਹ ਸਿਧਾ ਚੈਲੰਜ ਹੈ ਤੇ ਇਸਨੂੰ ਪਰਵਾਨ ਕਰਨਾ ਕਲਗੇਸ਼ ਦੇ ਖਾਲਸੇ ਦੀ ਸ਼ਾਨ ਦੇ ਉਲਟ ਹੈ ਬਸ ਫ਼ੇਰ ਕੀ ਸੀ ਸਾਡੇ ਸੂਰਬੀਰ ਜਰਨੈਲ ਭਾਈ ਸਾਹਿਬ ਦਰਸ਼ਨ ਸਿੰਘ ਸ਼ਕਤੀ ਸਿਮਰਨ ਦੀ ਤਾਕਤ ਤੇ ਮਰਜੀਵੜੇ ਗੁਰ ਸਿੱਖਾਂ ਦੀ ਮਿੱਤਰਤਾ ਤੇ ਪਿਆਰ ਨੂੰ ਮੁਖ ਰਖਦਿਆਂ ਡੱਟ ਗਏ ਖਾਲਸੇ ਦਾ ਕੰਮ ਹੈ ਕੋਈ ਕੰਮ ਜਾਂ ਚੜਾਈ ਕਰਨ ਤੋਂ ਪਹਿਲਾਂ ਅਪਣੇ ਦਾਤਾਰ ਦੇ ਚਰਨਾਂ ਵਿਚ ਅਰਦਾਸ ਕਰਨੀ ਤੇ ਪਹਿਲਾਂ ਇਹੋ ਹਥਿਆਰ ਹੀ ਵਰਤਣਾ ਕੇ ਗੁਰੂ ਸਾਹਿਬ ਆਪ ਹੀ ਚੋਜ਼ ਵਰਤਾ ਦੇਣ—(ਪਰਤੱਖ ਗੁਰੂ) ਆ ਹਾਜ਼ਰ ਹੋਇ ਘਰੋਂ ਤੁਰਨ ਤੋਂ ਲੈਕੇ ਜੋ ਇਸ ਵੇਲੇ ਤਕ ਘਟਾਂ ਸਾਡਾ ਆਲਾ ਦੁਆਲਾ ਘੇਰੀ ਬੈਠੀਆਂ ਸਨ ਇਹ ਸਾਰੀਆਂ ਜਦੋਂ ਵੀਰ ਜੀ ਨੇ ਨੇ ਉਚੀ ਧੁੰਨ ਤੇ ਵੈਰਾਗ ਅੰਦਰ ਇਹ ਉਚਾਰਨ ਕੀਤਾ ਦਹਿ ਦਿਸ ਛਤ੍ਰ ਮੇਘ ਘਟਾ ਘਟ ਦਾਮਨ ਚਮਕ ਡਰਾਇਓ ।

## ਇੰਦਰ ਦੀ ਹਾਰ

ਇਹ ਇੰਦਰ ਜਦੋਂ ਦਇਆ ਕਰਕੇ ਵਸਦਾ ਹੈ ਤੇ ਲੋਕਾਂ ਦੇ ਮਨਾਂ ਅੰਦਰ ਚਾਉ ਪੈਦਾ ਹੋ ਜਾਂਦਾ ਹੈ ਸਾਰੇ ਖੁਸ਼ੀਆਂ ਕਰਦੇ ਹਨ ਜਦੋਂ ਇਹ ਕ੍ਰੋਪ ਹੋ ਔੜ-ਲਗਾ ਦੇਵੇ ਉਦੋਂ ਹੈਰਾਨੀਆਂ ਤੇ ਪਰੇਸ਼ਾਨੀਆਂ ਆ ਵਸ ਕਰਦੀਆਂ ਹਨ, ਭਾਂਵੇ ਇਹ ਵੀ ਹੁਕਮ ਦੇ ਅੰਦਰ ਹੀ ਬਝਾ ਪਿਆ ਹੈ ਪਰ ਵਸ ਲਗਦੇ ਅਪਣਾ ਆਪ ਜ਼ਾਹਰ ਕਰ ਘਟਾਂ ਦੇ ਹਲੇ ਤੇ ਹੱਲੇ ਕਰਦਾ ਹੈ ਅਜ ਖਾਲਸੇ ਨਾਲ ਵੀ ਇਸਨੇ ਇਸੇ ਤਰਾਂ ਹੀ ਕੀਤਾ ਪਰ ਕਮਾਲ ਤੇ ਹੈਰਾਨ ਕਰ ਦੇਣ ਵਾਲੀ ਘਟਨਾ ਵਾਪਰ ਗਈ ਪਤਾ ਨਹੀਂ ਸਚੇ ਸਾਹਿਬ ਦੀ ਸਚੀ ਦਰਗਾਹੋਂ ਇੰਦਰ ਦੇਵਤੇ ਨੂੰ ਕੀ ਹੁਕਮ ਹੋਇਆ ਉਸਨੇ ਆਪਣੀਆਂ ਫੌਜਾਂ ਨੂੰ ਵਾਪਸੀ ਦਾ ਹੁਕਮ ਦੇ ਦਿਤਾ ਦੇਖਦਿਆਂ ਦੇਖਦਿਆਂ ਪਤਾ ਨਹੀਂ ਹਨੇਰੀ ਤੇ ਮੇਘ ਅਤੇ ਬਿਜਲੀ ਦੀ ਕੜਕਵੀਂ ਅਵਾਜ਼ ਕਿਧਰ ਗਾਇਬ ਹੋ ਗਈ ਤੇ ਸਾਰੇ ਤਾਰੇ ਚਮਕਦੇ ਨਜ਼ਰ ਆਵਣ ਲੱਗੇ ਇਹ ਗੁਰ ਸ਼ਬਦ ਦੀ ਪ੍ਰਤੱਖ ਜ਼ਾਹਰ ਕਲਾ ਵਰਤ ਰਹੀ ਸੀ ਜਿਸ ਵੇਲੇ ਖਾਲਸੇ ਨੇ ਅਕਾਸ਼ ਮੰਡਲ ਨੂੰ ਸਾਫ਼ ਦੇਖਿਆ ਤੇ ਖੁਸ਼ੀਆਂ ਦੀ ਹਦ ਨਾ ਰਹੀ ਅਤਿ ਵਗਾਸ ਅੰਦਰ ਜ਼ੋਰੋ ਜ਼ੋਰੀ ਨਾਮ ਬਾਣੀ ਦੇ ਅਭਿਆਸ ਵਿਚ ਜੁਟ ਗਏ ਹੁਣ ਕੋਈ ਤੌਖਲਾ ਘਬਰਾਹਟ ਨਹੀਂ ਸੀ ਸਾਰੇ ਨਸਚਿੰਤ ਤੇ ਬੇ-ਫ਼ਿਕਰ ਹੋ ਅਨੰਦ ਮਾਣ ਰਹੇ ਸਨ ਇਹ ਸੀ ਖਾਲਸੇ ਦੀ ਇੰਦਰ ਦੇਵਤੇ ਦੀਆਂ ਘਟਾਂ ਤੇ ਜਿੱਤ ਜੋ ਜ਼ਾਹਰ ਵਰਤ ਚੁਕੀ ਸੀ ਇਹ ਰੈਣ ਸੁਹਾਵੜੀ ਬਣ ਕਈਆਂ ਹਿਰਦਿਆਂ ਨੂੰ ਭਾਗ ਲਾ ਗਈ ਨਾਮ ਜਪੰਦੜੀਆਂ ਆਤਮਾਂਵਾਂ ਨੇ ਖੂਬ ਛਾਂਦੇ ਬੁੰਰੇ ਸੁਖਾਂ ਲਦੀ ਰਾਤ ਬੀਤ ਗਈ ਪਹੁ-ਫਟਾਲਾ ਹੋਇਆ ਤੇ ਇਹ ਵੈਰਾਗੀ ਰੂਹਾਂ ਪਹਾੜੀ ਤੋਂ ਥਲੇ-ਉਤਰਨ ਲਗੀਆਂ ਸਾਰੀਆਂ ਸੰਗਤਾਂ ਨੇ ਵੇਖਿਆ ਅਸੀਂ ਆਸਣ ਚੁਕ ਕੇ ਥਲੇ ਉਤਰਨਾਂ ਸ਼ੁਰੂ ਕੀਤਾ ਤੇ ਘਟਾਂ ਫਿਰ ਉਸੇ ਤਰਾਂ ਚੜ ਆਈਆਂ ਜਦੋਂ ਸਾਰੀ ਸੰਗਤ ਭਾਈ ਮਨੋਹਰ ਸਿੰਘ ਜੀ ਹੋਰਾਂ ਦੇ ਬੁੰਗੇ ਪੁਜ ਗਈ ਤੇ ਅੰਦਰ-ਪੈਰ ਰਖਣ ਦੀ ਦੇਰ ਸੀ ਮੋਹਲੇ ਧਾਰ ਵਰਖਾ ਸ਼ੁਰੂ ਹੋਈ ਕੇ ਮਾਨੋ ਇਹ ਵਿਚਾਰੀ ਵਰਖਾ ਰਾਤ ਤੋਂ ਲੈਕੇ ਹੁਣ ਤਕ ਖਾਲਸੇ ਤੋਂ ਡਰਦੀ ਰੁਕੀ ਹੋਈ ਸੀ ਤੇ ਹੁਣ ਸਾਰੀ ਰਾਤ ਬਤੀਤ ਹੋਣ ਤੋਂ ਬਾਹਦ ਜਲ-ਥਲ ਇਕ ਕਰ ਦਿਤਾ ਇਹ ਸਨ ਪੰਥ ਰਤਨ ਭਾਈ ਸਾਹਿਬ ਰਣਧੀਰ ਸਿੰਘ ਜੀ ਹੋਰਾਂ ਦੀ ਪ੍ਰੇਮ ਖਿਚਾਂ ਦੇ ਅਨੰਦ ਤੇ ਗੁਰ ਸਿਖ ਮੀਤਾਂ ਦੀਆਂ ਰਹਿਮਤਾਂ ਵਾਲੀ ਸੰਗਤ ਦਾ ਪ੍ਰਵਾਹ ਤੇ ਅੰਮ੍ਰਿਤ ਦੀਆਂ ਮੇਹਰਾਂ ।

(ਚਲਦਾ)

---

**ਨਵਾਂ ਉਦਮ:—** ਗੁਰੂ ਪਿਆਰਿਆਂ ਨੂੰ ਪਤਾ ਹੀ ਹੈ ਕਿ ਜਗਤ ਤਾਰਕ ਗੁਰੂ ਨਾਨਕ ਦੇਵ ਜੀ ਦਾ ੫੦੦ ਸੌ ਸਾਲਾ ਉਤਸਵ ਸਮੁਚੇ ਸੰਸਾਰ ਵਿਚ ਮਨ ਇਆ ਜਾ ਰਿਹਾ ਹੈ । ਇਸ ਸ਼ੁਭ ਅਵਸਰ ਤੇ ਹਰ ਸਭਾ, ਹਰ ਸੁਸਾਇਟੀ ਵਲੋਂ ਅਪਣੀ ੨ ਸ਼ਰਧਾ ਅਨਸਾਰ ਸ਼ਰਧਾ ਦੇ ਫੂਲ ਭੇਟ ਕੀਤੇ ਜਾ ਰਹੇ ਹਨ। ਭਾਵੇਂ ਨਿਰਬਾਨ ਕੀਰਤਨੀ ਜਥੇ ਵਲੋਂ ਅਖੰਡ ਕੀਰਤਨ ਤੇ ਅੰਮ੍ਰਿਤ ਸੰਚਾਰ ਦੀ ਨਿਸ਼ਕਾਮ ਸੇਵਾ ਹੋ ਰਹੀ ਹੈ ਪਰ ਸੂਰਾ ਦੇ ਸੇਵਕਾਂ ਨੂੰ ਵੀ ਇਹ ਪ੍ਰੇਰਨਾ ਹੋਈ ਹੈ ਕਿ ਗੁਰੂ ਨਾਨਕ ਸਾਹਿਬ ਦੇ ਜੀਵਨ ਸੰਬੰਧੀ ਕੁਝ ਕਿਤਾਬਾਂ ਛਾਪੀਆਂ ਜਾਣ ਇਸ ਸੇਵਾ ਲਈ ਲਿਖਾਰੀ ਵੀਰਾਂ ਨੇ ਆਪਣੀਆਂ ਘਾਲਣਾਂ ਆਰੰਭ ਦਿਤੀਆਂ ਹਨ ।

ਗੁਰਮਤ ਪ੍ਰਚਾਰ ਹਿਤ ਗੁਰਮੁਖ ਪਿਆਰਿਆਂ ਨੂੰ ਇਨ੍ਹਾਂ ਪੁਸਤਕਾਂ ਦੀ ਛਾਪਣ ਦੀ ਸੇਵਾ ਲਈ ਯੋਗ ਸਹਾਇਤਾ ਕਰਨੀ ਚਾਹੀਦੀ ਹੈ ਜਿਨ੍ਹਾਂ ਗੁਰੂ ਪਿਆਰਿਆਂ ਨੇ ਆਪਣੀ ਕਮਾਈ ਵਿਚੋਂ ਮਾਇਆ ਇਸ ਸ਼ੁਭ ਸੇਵਾ ਲਈ ਭੇਜਣੀ ਹੋਵੇ ਉਹ ਆਪਣੇ ਨਾਮ ਭੇਜ ਦੇਣ। (ਸੰਪਾਦਕ)


www.AKJ.Org

# *0 ਖੇੜਾ 0*

( ਵਲੋਂ—ਪ੍ਰਿੰਸੀਪਲ ਮੇਹਰ ਸਿੰਘ ਜੀ ਡੇਹਰਾਦੂਨ )

ਜਦ ਮਨੁਖ ਸਿਮਰਨ ਅਭਿਆਸ ਕਰਨ ਲਗ ਪੈਂਦਾ ਹੈ ਤਾਂ ਦੁਨੀਆਂ ਦੀਆਂ ਦੂਜੀਆਂ ਚੀਜ਼ਾਂ (ਮਾਇਆ ਤੇ ਉਸਦੇ ਕਾਰਿੰਦੇ) ਉਸਨੂੰ ਕਈ ਪਰਕਾਰ ਦੇ ਲਾਲਚ ਦੇਕੇ ਆਪਣੀ ਵਲ ਵਧੇਰੀ (Force) ਤਾਕਤ ਨਾਲ ਖਿਚਨਾ ਸ਼ੁਰੂ ਕਰ ਦੇਂਦੀਆਂ ਹਨ। ਕਿਉਂ ਜੋ ਅਸੀ ਸੰਸਾਰੀ ਜੀਵ ਸਾਰੇ ਮਾਇਆ ਦਾ ਸ਼ਿਕਾਰ ਹਾਂ ਤੇ ਦੁਨੀਆਂ ਵਿੱਚ ਕੋਈ ਵੀ ਐਸਾ ਨਹੀਂ ਜੋ ਆਪਣਾ ਸ਼ਿਕਾਰ ਅਪਣੇ ਹਥੋਂ ਸੌਖਾ ਛਡਨਾ ਪਸੰਦ ਕਰੇ। ਸੋ ਮਾਇਆ ਦੇ ਕਾਰਿੰਦੇ (Staff) ਮਨੁਖ ਨੂੰ ਧਨ ਦਾ ਲਾਲਚ, ਪੁਤਰ ਦਾ ਲਾਲਚ ਇਤਿਆਦਿ ਦੇ ਕੇ ਫੇਰ ਆਪਣੇ ਜਾਲ ਵਿਚ ਫਾਸ ਲੈਂਦੇ ਹਨ। ਸੋ ਕੁਝ ਚਿਰ ਦਿਲ ਨਾਲ ਸਿਮਰਨ, ਨਾਮ ਬਾਣੀ ਦਵਾਰਾ ਕਰਨ ਕਰਕੇ ਕਈ ਤਾਂ ਛੇਤੀ ਹੀ ਆਪਣੀ ਦੁਨੀਆਵੀ ਆਸ਼ਾਂ ਦੀ ਪੂਰਤੀ ਦੇਖਕੇ 'ਦਾਤ ਪਿਆਰੀ ਵਿਸ਼ਰਿਆ ਦਾਤਾਰਾ'' ਦੇ ਮਹਾਂਵਾਕ ਅਨੁਸਾਰ ਉਸ ਦਾਤੇ ਨੂੰ ਭੁਲ ਜਾਂਦੇ ਹਨ ਇਉਂ ਕਹੋ ਕਿ ਉਨਾਂ ਤੇ ਮਾਇਆ ਦਾ ਪਰਦਾ ਫੇਰ ਪੈ ਜਾਂਦਾ ਹੈ ਤੇ ਉਨਾਂ ਕੋਲੋਂ ਨਾਮ ਤੇ ਬਾਣੀ ਦਾ (Routine) ਛੁਟ ਜਾਂਦਾ ਹੈ ਭਾਵੇਂ ਐਸੇ ਮਨੁਖ ਸ਼ਰਧਾਵਾਨ ਰਹਿੰਦੇ ਹਨ ਪਰ ਫੇਰ ਵੀ ਉਹ ਸਿਲਸਲਾ ਟੁਟ ਜਾਂਦਾ ਹੈ ਇਹ ਪਹਿਲਾ ਪਹਿਲਾ ਚਾਅ ਖੇੜੇ ਦੀ ਇਕ ਝਲਕ ਜਿਸ ਤੋਂ ਮਗਰੋਂ ਮਨੁਖ ਅਪਣੀ ਇਛਾ ਦੀ ਪੂਰਤੀ ਕਰਕੇ ਬਾਹਰ-ਮੁਖੀ ਹੋ ਗਿਆ ਤੇ ਉਹ ਅਸਲੀ ਦਾਤ (ਖੇੜਾ) ਗਵਾ ਬੈਠਾ ਜਿਸਦੀ ਇਸ ਨੂੰ ਆਪ ਕੁਝ ਸੋਝੀ ਹੈ ਹੀ ਨਹੀਂ।

ਮਨੁਖ ਦੇ ਜੀਵਨ ਵਿਚ ਇਸ ਤਰ੍ਹਾਂ ਦੇ ਕਈ ਔਸਰ ਐਸੇ ਆਉਂਦੇ ਹਨ ਜਦੋਂ ਕਿ ਉਹ ਬਹੁਤ ਹੀ ਨਿਰਮਾਨ ਹੋ ਕੇ ਸੇਵਾ ਵੀ ਕਰਨ ਲਗ ਪੈਂਦਾ ਹੈ ਪਰ 'ਮਾਨੁਖ ਕੈ ਕਛ ਨਾਹੀ ਹਾਥ'' ਦੇ ਮਹਾਂਵਾਕਾਨੁਸਾਰ ਉਹ ਫਿਰ ਉਸ ਪਉੜੀ ਤੋਂ ਖਿਸਕ ਜਾਂਦਾ ਹੈ ਕਿਉਂ ਜੋ ਉਸਦੀ ਸੇਵਾ ਤੇ ਲਗਨ ਦਾ ਅਸਲੀ ਮੰਤਵ ਸੁਆਰਥ ਯਾ ਦਿਖਾਵਾ ਹੁੰਦਾ ਹੈ।

ਇਸੇ ਪ੍ਰਕਾਰ ਹੋਰ ਵੀ ਕਈ ਔਸਰ ਐਸੇ ਆਉਂਦੇ ਹਨ ਜਦ ਕਿ ਮਨੁਖ ਵਿਚ ਦਿਲੀ ਪ੍ਰੇਮ ਜਾਗਦਾ ਹੈ ਪਰ ਫੇਰ ਇਸੇ ਮਾਇਆ ਦੀ ਪ੍ਰਬਲਤਾ ਹੇਠ ਦਬ ਜਾਂਦਾ ਹੈ ਤੇ ''ਆਖਨ ਔਖਾ ਸਾਚਾ ਨਾਉ'' ਵਾਲੀ ਗਲ ਉਸ ਨਾਲ ਬਣ ਜਾਂਦੀ ਹੈ।

ਇਸ ਅੰਦਰਲੇ ਹੱਲੇ (ਉਦਮ) ਦਾ ਨਾਉਂ ਖੇੜਾ ਹੈ ਇਹ ਕੇਵਲ ਬਾਹਰਦੀਆਂ ਗਿਆਨ ਇੰਦਰੀਆਂ ਦੀ ਇਕ ਝਲਕ ਹੈ। ਮਨੁਖ ਦੀਆਂ ਅੰਤ੍ਰੀਵੀ ਗਿਆਨ ਇੰਦਰੀਆਂ ਹੋਰ ਚੀਜ਼ਾਂ ਹਨ ਜਿਹੜੀਆਂ ਕਿ ਆਤਮਾ ਨੂੰ ਸਪਰਸ਼ (touch) ਕਰਦੀਆਂ ਹਨ।

ਆਤਮਾ ਦੀ ਖੁਰਾਕ ਭਜਨ (ਨਾਮ ਸਿਮਰਨ ਤੇ ਗੁਰਬਾਣੀ ਦਾ ਵਿਚਾਰ) ਹੈ ਜੇ ਇਹ ਹੈ ਤਾਂ ਮਨੁਖ ਸੁਖ ਤੇ ਸਹਿਜ ਨੂੰ ਪ੍ਰਾਪਤ ਕਰ ਸਕਦਾ ਹੈ ਉਹ ਵੀ ਕੇਵਲ ਗੁਰੂ ਕ੍ਰਿਪਾ ਦਵਾਰਾ। ਨਾਮ ਅਭਿਆਸ ਕਮਾਈ ਵਾਲੇ ਗੁਰਮੁਖ ਹੀ ਆਤਮਾ ਦੇ ਆਨੰਦ ਨੂੰ ਪ੍ਰਾਪਤ ਕਰ ਸਕਦੇ ਹਨ ਤੇ ਇਸ ਆਨੰਦ ਦਾ ਨਾਉਂ ਹੀ ਖੇੜਾ ਹੈ।

ਆਤਮਾ ਦੀ ਆਨੰਦਮਈ ਟੁਭੀ ਉਦੋਂ ਲਗਦੀ ਹੈ ਜਦੋਂ ਮਨੁਖ ਦੀ ਸੁਰਤ ਨਾਮ ਸਿਮਰਨ ਕਰਕੇ ਪ੍ਰਸੰਨਤਾ ਵਿਚ ਖੇਡਦੀ ਹੈ ਤੇ ਫਿਰ ਲੁਕਦੀ ਛਿਪਦੀ ਹੈ ਫਿਰ ਨਚਦੀ ਹੈ ਫਿਰ ਉਚੀ ਉਠਦੀ ਹੈ ਤੇ ਘੁਮਰਾਂ ਪਾਉਂਦੀ ਹੈ। ਇਸ ਹਾਲਤ ਵਿਚ ਮਨੁਖ ਦੀ ਆਤਮਕ ਉਨਤੀ ਹੁੰਦੀ ਹੈ ਤੇ ਖੇੜਾ ਆਉਂਦਾ ਹੈ ਉਹ ਖੇੜਾ ਕੇਵਲ ਉਹੀ ਜਾਨਦੇ ਹਨ ਜੋ ਕਿ ਅਪਣੀ ਕਮਾਈ ਦੀ ਕਬੂਲੀਅਤ ਦਵਾਰਾ ਗੁਰੂ ਦੀ ਕ੍ਰਿਪਾ ਵਿਚ ਖੇਡਦੇ ਹਨ।

ਉਚੀ ਉਚੀ ਬਿਰਤੀਆਂ ਵਾਲੇ ਗੁਰ ਸਿਖਾਂ ਦਾ ਕਥਨ ਹੈ ਕਿ ਮਨੁਖ ਦੇ ਪੂਰਬਲੇ ਵੀ ਖੁਲ ਜਾਂਦੇ ਹਨ ਤੇ ਗੁਰੂ ਕਿਰਪਾ ਨਾਲ ਉਸ ਨੂੰ ਨਾਮ ਦੀ ਪ੍ਰਾਪਤੀ ਵੀ ਹੋ ਜਾਂਦੀ ਹੈ ਫਿਰ ਨਾਮ



www.AKJ.Org

ਜਪਿਆ ਵੀ ਜਾਂਦਾ ਹੈ ਤੇਰ ਮਨੁਖ ਕਮਾਈ ਵੀ ਪੂਰੇ ਯਤਨਾਂ (ਸਾਧ ਸੰਗਤ ਦੇ ਸਮਪਰਗ ਤੇ ਨਿਜੀ ਅਧਿਅਨ) ਨਾਲ ਕਰ ਲੈਂਦਾ ਹੈ ਪਰ ਅੰਤ ਵਿਚ ਗਲ ਕਬੂਲੀਅਤ ਤੇ ਆ ਕੇ ਮੁਕਦੀ ਹੈ ਅਰਥਾਤ ਜੇ ਮਨੁਖ ਉਤੇ ਉਸ ਦਾਤੇ ਦੀ ਕ੍ਰਿਪਾ ਦ੍ਰਿਸ਼ਟੀ ਹੋ ਗਈ ਤਾਂ ਪੌ ਬਾਰਾਂ, ਨਹੀਂ ਤੇ ਫਿਰ 'ਜੇ ਤਿਸ ਨਦਰ ਨਾ ਆਵਈ ਤਾ ਵਾਤ ਨ ਪੁਛੈ ਕੇਇ' ਅਨੁਸਾਰ ਮਨੁਖ ਉਥੇ ਦਾ ਉਥੇ ਹੀ ਰਹਿੰਦਾ ਹੈ ਆਪਣੇ ਖ਼ਿਆਲ ਮੁਤਾਬਕ ਤਾਂ ਉਸਨੇ ਤੇਲੀ ਦੇ ਬੈਲ ਵਾਂਗੂੰ ਬਹੁਤ ਪੈਂਡਾ ਕੀਤਾ ਹੋਇਆ ਹੁੰਦਾ ਹੈ ਪਰ ਉਸੇ ਬੈਲ ਵਾਂਗੂੰ ਜਦੋਂ ਉਸ ਦੀਆਂ ਅੱਖਾਂ ਖੋਲੋ ਜਿਥੋਂ ਚਲਿਆ ਸੀ ਉਹ ਉਥੇ ਹੀ ਖਲੋਤਾ ਹੋਇਆ ਹੁੰਦਾ ਹੈ।

ਸੋ ਆਤਮਾ ਦਾ ਅਨੰਦ ਹੀ ਇਕ ਐਸੀ ਵਸਤੂ ਹੈ ਜੋ ਮਨੁਖ ਲਈ ਤਰੱਕੀ ਦਾ ਕਾਰਨ ਹੈ। ਜੇ ਮਨੁਖ ਦਾ ਨਾਮ ਸਿਮਰਨ ਤੇ ਗੁਰਬਾਣੀ ਦਾ ਪਾਠ ਕੇਵਲ Machanical (ਸੁਕਾ ਰੱਗੜਾ) ਹੀ ਹੈ ਤਾਂ ਫਿਰ ਉਸ ਨਾਲ ਆਤਮਕ ਖੇੜਾ ਨਹੀਂ ਆ ਸਕਦਾ।

ਇਹ ਵੀ ਗਲ ਤਜਰਬੇ ਦੀ ਬਿਨਾਅ ਤੇ ਕਹੀ ਜਾ ਸਕਦੀ ਹੈ ਕਿ ਮਨੁਖ ਕਿਸੇ ਵੇਲੇ ਸੁਤੇ ਸਭਾ ਹੀ (Automatically) ਪ੍ਰਸੰਨਤਾ ਦਾ ਅਨੁਭਵ ਕਰਦਾ ਹੈ ਤੇ ਕਿਸੇ ਵੇਲੇ ਉਹ ਬੇਕਾਰਨ ਹੀ ਦੁਖ ਦਾ ਅਨਭਵ ਕਰਦਾ ਹੈ। ਇਸ ਦਾ ਕਾਰਨ ਇਹ ਹੈ ਕਿ ਮਨੁਖ ਦੀਆਂ ਅੰਦਰਲੀਆਂ ਸ਼ਕਤੀਆਂ ਵਿਚ ਕਦੀ ਕਦੀ ਸੰਘਰਸ਼ ਹੁੰਦਾ ਹੈ ਉਸ ਸੰਘਰਸ਼ ਵਿਚ ਕਦੀ ਆਤਮਾ ਵਾਲਾ ਤੇ ਕਦੀ ਮਾਇਆ ਵਾਲਾ ਪਾਸਾ ਭਾਰੀ ਹੋ ਜਾਂਦਾ ਹੈ ਜਿਸ ਕਰਕੇ ਮਨੁਖ ਕਦੀ ਕਦੀ ਆਪ ਮੁਹਾਰਾ ਹੀ ਖੁਸ਼ੀ ਤੇ ਗ਼ਮੀ ਮਹਿਸੂਸ ਕਰਦਾ ਹੈ।

ਪਰ ਜਦੋਂ ਮਨੁਖ ਗੁਰਮਤਿ ਅਨੁਸਾਰ ਨਾਮ ਅਭਿਆਸ ਕਮਾਈ ਤੇ ਤੱਤਪਰ ਹੋ ਜਾਂਦਾ ਹੈ ਤਾਂ ਅੰਦਰਲਾ ਸੁਖ ਬਾਹਰ ਵਲ ਸਫੁਟ ਹੋਨ ਲਗ ਪੈਂਦਾ ਹੈ ਤਾਂ ਮਨੁਖ ਅਪਣੇ ਅੰਦਰ ਹੀ ਅੰਦਰ ਠੰਡ ਜੇਹੀ (inward bliss) ਮਹਸੂਸ ਕਰਦਾ ਹੈ ਉਹ ਠੰਡ (ਆਤਮਕ ਸੁਖ) ਜਦ ਬਹੁਤੀ ਮਾਤਰਾ ਵਿਚ ਹੁੰਦਾ ਹੈ ਤਾਂ ਬਾਹਰ ਦੀ ਗਿਆਨ ਇੰਦਰੀਆਂ ਨੂੰ ਵੀ ਵਿਕਾਸ਼ਮਾਨ (stir up) ਕਰ ਦੇਂਦਾ ਹੈ ਤੇ ਮਨੁਖ ਦਾ ਰੋਮ ਰੋਮ ਖੜਾ ਹੋ ਜਾਂਦਾ ਹੈ। ਚਾਅ ਤੇ ਪ੍ਰਸੰਨਤਾ ਦਾ ਹੜ੍ਹ ਚਲ ਪੈਂਦਾ ਹੈ ਇਸ ਹਾਲਤ ਵਿਚ ਥੋੜਾ ਜੇਹਾ ਵੈਰਾਗ ਦਾ ਮਿਸ਼ਰਨ ਹੁੰਦਾ ਹੈ। ਤਾਂ ਫ਼ਿਰ:-"ਤੇਰਾ ਜਨ ਨਿਰਤ ਕਰੇ ਗੁਣ ਗਾਵੇ" ਮਹਾਵਕਾਨੁਸਾਰ ਮਨੁਸ ਦੀ ਅੰਦਰਲੀ ਹਾਲਤ ਨ੍ਰਿਤਕਾਰੀ ਦੀ ਹਾਲਤ ਹੋ ਜਾਂਦੀ ਹੈ ਇਹ ਹੈ 'ਖੇੜਾ' ਜਿਸਨੂੰ ਅੰਗ੍ਰੇਜ਼ੀ 'ਮਨ ਦਾ ਖਿੜਨਾ' ਕਹਿੰਦੇ ਹਨ।

ਜਦੋਂ ਮਨੁਖ ਅੰਮ੍ਰਿਤ ਵੇਲੇ ਉਠੇ ਤੇ ਉਸਦਾ ਮਨ ਉਤਸ਼ਾਹ ਤੇ ਪ੍ਰੇਮ ਨਾਲ ਭਰੇ ਹੋਇ ਦਿਲ ਨਾਲ ਕਾਦਰ ਦੀ ਕੁਦਰਤ ਵਲ ਵੇਖੇ ਫਿਰ ਉਸਦਾ ਦਿਲ ਉਛਾਲੇ ਖਾਕੇ ਉਸ ਦਾਤੇ ਅਗੇ ਸ਼ੁਕਰਾਨੇ ਵਾਸਤੇ ਝੁਕੇ ਤਾਂ ਇਹ ਦਸ਼ਾ ਵੀ ਖੇੜੇ ਦੀ ਦਸਾ ਹੈ।

ਹੋਰ ਜੇ ਸਿਮਰਨ ਤੋਂ ਮਨੁਖ ਥਕਾਵਟ (Fell) ਮਹਿਸੂਸ ਨ ਕਰੇ ਸਗੋਂ ਆਪਨੇ ਆਪਨੂੰ ਹਲਕਾ ਫੁਲਕਾ ਤੇ ਨੀਂਦਰ ਰਹਿਤ ਪਾਵੇ ਇਹ ਵੀ ਖੇੜੇ ਦੀ ਹਾਲਤ ਹੈ।

ਸਾਧ ਸੰਗਤਿ ਵਿਚ ਬੇਹਬਲਤਾ ਨਾਲ ਗੁਰਬਾਣੀ ਵਲ ਧਿਆਨ ਦੇਂਦਿਆਂ ਹੋਇਆਂ ਖੰਡਾ ਖੜਕਾਈ ਜਾਵੇ ਇਹ ਵੀ ਸੁਭ ਲਛਨ ਹਨ। ਖੇੜਾ ਹਿਰਦੇ ਦਾ ਵਿਸ਼ਾ (subject) ਹੈ ਇਹ ਅੰਦਰਲੀ ਚੀਜ਼ ਹੈ ਬਾਹਰਲੀ ਨਹੀਂ। ਇਹ ਉਸ ਦਾਤੇ ਦੀ ਅਪਾਰ ਕ੍ਰਿਪਾ ਦਾ ਸਬੂਤ ਹੈ।

ਮਨੁਖ ਦਾਤੇ ਦੀ ਦਾਤ ਦੇ ਸਮੇਂ ਨੂੰ ਨਹੀਂ ਜਾਨ ਸਕਦਾ ਸੋ ਮਨੁਖ ਨਹੀਂ ਕਹਿ ਸਕਦਾ ਕਿ ਇਹ ਬਖਸ਼ਿਸ਼ ਉਸਨੂੰ ਕਦੋਂ ਤੇ ਕਿਸਤ੍ਰਾਂ ਹੋ ਜਾਵੇ। ਉਹ ਆਸ਼ਾਵਾਦੀ ਰਹੇ ਤਾਂ ਦਾਤਾ 'ਦਾਤੇ ਦਾਤ ਰਖੀ ਹਥ ਅਪਣੇ ਜਿਸ ਭਾਵੈ ਤਿਸ ਦੇਹਿ" ਦੇ ਮਹਾਂਵਾਕਾਨੁਸਾਰ ਕਦੀ ਨ ਕਦੀ ਜ਼ਰੂਰ ਬਖਸ਼ਿਸ਼ ਦਾ ਦਰ ਮਨੁਖ ਤੇ ਖੋਲੇਗਾ। ਆਮ ਤੌਰ ਤੇ ਇਹ ਖੇੜਾ ਪਹਿਲੋਂ ਪਹਿਲੋਂ ਤਾਂ ਲਗਾਤਾਰ (constant) ਨਹੀਂ ਰਹਿੰਦਾ ਇਸ ਵਿਚ ਤੋਟਾ ਜ਼ਰੂਰ ਆ ਜਾਂਦਾ ਹੈ ਪਰ ਗੁਰਸਿਖ ਅਪਣੇ ਧੁਰੇ ਤੋਂ ਨ ਉਖੜੇ ਤੇ ਇਹ ਸਮਝੇ ਕਿ ਤੋਟੇ ਵਾਲਾ ਸਮਾਂ ਖਤਮ ਹੋਣ ਤੇ ਜ਼ਰੂਰ ਬਖਸ਼ਿਸ਼ ਹੋਵੇਗੀ ਤਾਂ ਉਸ ਦੀ ਆਸ ਦਾਤਾ ਪੂਰੀ ਕਰੇਗਾ। ਤੇ ਉਹ ਖੇੜੇ ਨਾਲ ਨਿਹਾਲ ਹੋਵੇਗਾ।

ਇਹ 'ਖੇੜਾ' ਇਕ ਅੰਮ੍ਰਿਤਧਾਰੀ ਗੁਰਸਿਖ ਦੀ ਸਿਖੀ ਦੇ ਬੂਟੇ ਦਾ ਇਕ ਸੁੰਦਰ ਫਲ ਹੈ।

ਪਰ ਯਾਦ ਰਹੇ ਅਸਾਂ ਫਲ ਵਲ ਹੀ ਧਿਆਨ ਰਖ ਕੇ ਤੇ ਇਸਦੀ ਉਡੀਕ ਕਰ ਕਰ ਕੇ ਇਥੇ ਹੀ ਨਹੀਂ ਰੁਕੇ ਰਹਿਣਾ, ਫਲ ਪੈਦਾ ਕਰਨ ਵਾਲੇ ਵਲ ਪਹਿਲੋ ਖ਼ਿਆਲ ਰਖਣਾ ਹੈ ਤੇ ਸਦੈਵ ਉਸਦਾ ਹੀ ਧੰਨਵਾਦ ਕਰਨਾਂ ਹੈ ਮਹਾਂ-ਵਾਕ ਅਨੁਸਾਰ :—


www.AKJ.Org

'ਕਿਆ ਉਠਿ ਉਠਿ ਦੇਖੈ ਬਪੁੜੇ, ਇਸੁ ਮੇਘੈ ਹਥਿ ਕਿਛੁ ਨਾਹਿ।
ਜਿਨਿ ਏਹੁ ਮੇਘੁ ਪਠਾਇਆ, ਤਿਸੁ ਰਾਖਹੁ ਮਨਿ ਮਾਹਿ।'
ਅਸਾਡਾ ਲਖਸ਼ ਉਹ ਦਾਤਾ ਹੀ ਹੈ, ਪਰ ਚੂੰਕਿ ਇਹ ਖੇੜਾ ਇਕ ਐਸੀ ਚੀਜ਼ ਹੈ ਜੋ ਸਿਖ ਦੀ ਚੜ੍ਹਦੀ ਕਲਾ ਦਾ ਸਬੂਤ ਹੈ ਅਸਾਂ ਇਸਦਾ ਇਹ ਖਿਆਲ ਰਖਣਾ ਹੈ ਕਿ ਇਹ ਲਗਾਤਾਰ (Continuess) ਰਹੇ ਸੋ ਅਸੀਂ ਆਪਣੇ ਮਨ, ਬਚ, ਕਰਮ ਦਵਾਰਾ ਆਪਣੇ ਆਪ ਨੂੰ ਸੁਧ ਰਖੀਏ। ਨਾਮ ਸਿਮਰਨ, ਰਹਿਤਾਂ ਤੇ ਸੁਧ ਕਮਾਈ ਹੀ ਤਿੰਨੇ ਐਸੇ ਥੰਮ ਹਨ ਜੋ ਖੇੜੇ ਦੇ ਮਹਿਲ ਨੂੰ ਕਾਇਮ ਰਖਦੇ ਹਨ ਸੋ ਇਹਨਾਂ ਵਿਚ ਢਿਲ ਨ ਪੈਣ ਦਈਏ।

ਕਈ ਸਿੰਘ ਇਹ ਪੁਛਦੇ ਹਨ ਕਿ ਖੇੜਾ ਕਦੋਂ ਆਉਂਦਾ ਹੈ ਤੇ ਇਸ ਦੀ ਕੀ ਪਹਿਚਾਨ ਹੈ। ਯਾਦ ਰਹੇ ਕਿ ਪੁਤ ਜੰਮੇ ਤੇ ਚੰਨ ਚੜ੍ਹੇ ਕਦੇ ਗੁਝੇ ਨਹੀਂ ਰਹਿੰਦੇ। ਜੇ ਸਿਖ ਖੇੜੇ ਦੇ ਤਿੰਨੇ ਥੰਮ ਕਾਇਮ ਹਨ ਤਾਂ ਉਹ ਦਾਤੇ ਦੀ ਕ੍ਰਿਪਾ ਤੇ ਭਰੋਸਾ ਰਖੇ ਗੁਰੂ ਨੂੰ ਗੁਰਸਿਖ ਨਾਲੋਂ ਵਧ ਕੇ ਦੁਨੀਆਂ ਵਿਚ ਹੋਰ ਕੋਈ ਚੀਜ਼ ਪਿਆਰੀ ਨਹੀਂ। ਇਹ, ਦਾਤਾ ਮਹਾਂਵਾਕ ਅਨੁਸਾਰ 'ਨਵ ਨਿਧਾਨ ਦਸ ਅਸਟ ਸਿਧਾਨ ਠਾਕਰ ਕਰ ਤਲਿ ਧਰਿਆ' ਅਪਣੀ ਤਲੀ ਤੇ ਰਖ ਕੇ ਸਿਖ ਨੂੰ ਦੇਣ ਵਾਸਤੇ ਹਰ ਵਕਤ ਤਿਆਰ ਖੜੋਤਾ ਹੋਇਆ ਹੈ ਕੇਵਲ ਸਿਖ ਵਿਚ ਲੈਣ ਦੀ ਯੋਗਤਾ (deservedness) ਹੋਣੀ ਚਾਹੀਦੀ ਹੈ।

ਖੇੜੇ ਵਾਲਾ ਸਿੰਘ 'ਜਿਸ ਠਾਕਰ ਕੋ ਸੁਨਤ ਅਗਾਧ ਬੋਧ ਸੋ ਰਿਦੈ ਗੁਰ ਦੀਆ' ਪੜ੍ਹ ਪੜ੍ਹ ਕੇ ਵਿਸਮਾਦ ਦੀ ਹਾਲਤ ਵਿਚ ਕਲੋਲ ਕਰਦਾ ਰਹਿੰਦਾ ਹੈ।

ਸਿਆਣਿਆਂ ਕਿਹਾ ਹੈ 'ਲੋਹੇ ਨੂੰ ਤਤਿਆਂ ਤਤਿਆਂ ਹੀ ਸੱਟ ਮਾਰ ਲਵੋ ਸੋ ਜਦੋਂ ਖੇੜਾ ਆਵੇ ਉਦੋਂ ਦਬ ਕੇ ਖੰਡਾ ਖੜਕਾਉ, ਸ਼ੁਕਰਾਨਾ ਕਰੋ ਤੇ ਨਿਰਮਾਨਤਾ ਅਖਤਿਆਰ ਕਰੋ, ਇਹ ਕਹੋ :—

ਪ੍ਰਭ ਜੀ ਮੋਹਿ ਕਵਨੁ ਅਨਾਥੁ ਬਿਚਾਰਾ ॥
ਕਵਨ ਮੂਲ ਤੇ ਮਾਨੁਖੁ ਕਰਿਆ ਇਹੁ ਪਰਤਾਪੁ ਤੁਹਾਰਾ ॥

ਖੇੜੇ ਦੀ ਦਸ਼ਾ ਵਿਚ ਸਿਫਤੋ-ਸਲਾਹ ਤੇ ਸ਼ੁਕਰਾਨਾ ਹੀ ਐਸੀਆਂ ਚੀਜ਼ਾਂ ਹਨ ਜੋ ਮਨੁਖ ਨੂੰ ਗੁਰਮਤਿ ਸੜਕ ਤੋਂ ਉਖੜਨ ਨਹੀਂ ਦੇਂਦੀਆਂ। ਹੋਰ ਇਕ ਗਲ ਸੁਣੋ। ਉਹ ਇਹ ਹੈ ਕਿ ਖੇੜਾ ਕਿਸੇ ਵੇਲੇ ਅਪਣਾ ਰੂਪ ਵਟਾ ਕੇ ਵੀ ਆਉਂਦਾ ਹੈ ਜੋ ਆਮ ਸ਼ਿਖ ਸਮਝ ਹੀ ਨਹੀਂ ਸਕਦੇ। ਇਹ ਵੈਰਾਗ ਰੂਪ ਧਾਰਨ ਕਰਕੇ ਵੀ ਆਉਂਦਾ ਹੈ। ਜਦੋਂ ਗੁਰ ਸਿਖ ਸਿਮਰਨ ਦੀ ਆਖਰੀ ਘੜੀਆਂ ਵਿਚ ਵੇਖੇ ਕਿ ਉਸਦਾ ਦਿਲ ਸਿਮਰਨ ਛਡਣ ਤੇ ਨਹੀਂ ਕਰਦਾ ਸਿਮਰਨ ਛਡਨ ਵੇਲੇ ਕੁਝ ਮਿਠਾ ਮਿਠਾ ਦੁਖ ਜ਼ਿਹਾ ਮਹਿਸੂਸ ਹੁੰਦਾ ਹੋਵੇ ਇਵੇਂ ਜਿਵੇਂ ਬਾਲਕ ਦੇ ਮੂੰਹ ਵਿਚੋਂ ਮਾਤਾ ਦੇ ਥਨ ਕਢਨ ਵੇਲੇ ਬਾਲਕ ਦੁਖ ਮਹਿਸੂਸ ਕਰਦਾ ਹੋਇਆ ਰੋਂਦਾ ਹੈ ਤਾਂ ਇਹ ਦਸ਼ਾ ਵੀ ਖੇੜੇ ਦੀ ਦਸ਼ਾ ਹੈ ਇਸ ਦਸ਼ਾ ਦੀ (climax) ਸਭ ਤੋਂ ਉਚੀ ਹਾਲਤ ਓਦੋਂ ਹੁੰਦੀ ਹੈ ਜਦੋਂ ਗੁਰਸਿਖ ਸਵੇਰੇ ਉਠਦਿਆਂ ਸਾਰ ਹੀ ਸਿਮਰਨ ਤੇ ਬੈਠਨ ਤੋਂ ਪਹਿਲੋਂ ਯਾ ਸਿਮਰਨ ਵਿਚ ਯਾ ਸਿਮਰਨ ਦੇ ਅੰਤ ਵਿਚ ਐਸਾ ਕਲੇਜੇ ਦਾ ਧੁਖਨਾ ਮਹਿਸੂਸ ਕਰੇ ਜਿਵੇਂ ਕਿ ਉਹ ਕਦੀ ਕਦੀ ਕਿਸੇ ਇਸ਼ਕ ਮਿਜ਼ਾਜ਼ੀ ਵਿਚ ਹਿਜਰ ਦੀਆਂ ਰਾਤਾਂ ਵਿਚ ਮਹਿਸੂਸ ਕਰਦਾ ਹੁੰਦਾ ਸੀ ਤਾਂ ਫੇਰ ਉਹ ਸਮਝੇ ਕਿ ਹੁਣ ਉਸਦੀ ਮੰਦ ਬੁਧੀ ਇਸ਼ਕ ਮਿਜ਼ਾਜ਼ੀ ਵਾਲੀ, ਇਸ਼ਕ ਹਕੀਕੀ ਵਿਚ ਠੀਕ (Chanalise) ਮੁਹਾਰ ਮੋੜ ਗਈ ਹੈ। ਇਹ ਵੀ ਖੇੜਾ ਹੀ ਹੈ ਪਰ ਇਸ ਸਮੇਂ ਇਹ ਕੌੜੀ ਦਵਾਈ ਵਾਂਗੂੰ ਮਨੁਖ ਦੇ ਮਨ ਤੇ ਠੀਕ ਠੀਕ ਅਸਰ ਕਰਨ ਵਾਲੀ ਚੀਜ਼ ਹੈ। ਇਸਨੂੰ ਸਮਝਣ ਦੀ ਲੋੜ ਹੈ ਇਸ ਹਾਲਤ ਨੂੰ ਕੇਵਲ ਵੈਰਾਗ ਦੀ ਹਾਲਤ ਹੀ ਨਹੀਂ ਸਮਝਣਾ ਇਹ 'ਖੇੜਾ' ਹੀ ਹੈ ਕਿ ਮਨੁਖ ਨੂੰ ਆਪਣੇ ਧੁਰੇ ਤੇ ਕਾਇਮ ਰਹਿਣ ਲਈ ਸਹਾਇਤਾ ਦੇਂਦਾ ਹੈ। ਇਹ ਵੈਰਾਗ ਨਹੀਂ ਹੈ ਵੈਰਾਗ ਵਿਚ ਬਿਹਬਲਤਾ ਹੁੰਦੀ ਹੈ ਤੇ ਮਿਠਾ ਮਿੱਠਾ ਆਤਮ ਦਰਦ ਵੀ ਹੁੰਦਾ ਹੈ ਵੈਰਾਗ ਵਿਚ ਮਨੁਖ ਆਪੇ ਤੋਂ ਬਾਹਰ ਵੀ ਹੋ ਕੇ ਉੱਚੀ ਉੱਚੀ ਰੌਲਾ ਪਾਉਣ ਲਗ ਪੈਂਦਾ ਹੈ ਪਰ ਇਸ ਵਿਚ ਗੁਰਸਿਖ ਮਿੱਠਾ ਮਿੱਠਾ ਦੁਖ ਹੀ ਸਹਿਨ ਕਰਕੇ ਬਸ ਫਿਰ ਸ਼ਾਂਤ ਹੋ ਜਾਂਦਾ ਹੈ ਸੋ ਖੇੜੇ ਦਾ ਅੰਤ ਸ਼ਾਂਤ ਹੈ ਤੇ ਵੈਰਾਗ ਦਾ ਅੰਦਰਲਾ ਉਬਾਲ ਬਾਹਰ ਕਢਣਾ ਹੈ ਤੇ ਕਦੀ ਕਦੀ ਬੇਕਾਬੂ ਹੋਣ ਵਾਲੀ ਹਾਲਤ ਵੀ ਹੈ। ਜੇ ਇਸ ਕਿਸਮ ਦੀ ਦਸ਼ਾ ਦਾ ਜਿਸਦਾ ਵਰਨਣ ਉਤੇ ਕੀਤਾ ਗਿਆ ਹੈ ਸਮਝ ਨ ਲਗੇ ਤਾਂ ਇੰਨਾ ਹੀ ਸਮਝ ਲਵੋ ਕਿ ਇਹ ਹਾਲਤ ਸੁਲੱਖਣੀ ਹੈ। ਸਿਖ ਇਸਤੋਂ ਮਗਰੋਂ ਸੇਵਾ ਨੂੰ ਅਪਨਾਏ। ਸਭ ਕੁਝ ਠੀਕ ਹੋ ਜਾਏਗਾ। ਉਸਦਾ ਸ਼ੁਕਰਾਨਾ ਕਰੇ ਇਹ ਸ਼ੁਕਰਾਨਾ ਹੀ ਸਭ ਇਲਾਜਾਂ ਦਾ ਇਲਾਜ ਹੈ।

ਹਾਸਾ ਬਾਹਰਲੀਆਂ ਗਿਆਨ ਇੰਦਰੀਆਂ ਦੀ ਵਿਕਾਸ਼–ਮਈ ਹਾਲਤ ਦਾ ਨਾਉਂ ਹੈ। ਖੇੜਾ ਅੰਦਰਲੀਆਂ ਅੱਖਾਂ ਦੇ ਪ੍ਰਕਾਸ਼ਮਾਨ ਹੋਣ ਦਾ ਸਬੂਤ ਹੈ।

—o—

www.AKJ.Org

# ਅਨਮੋਲ ਰਤਨ

(ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਲਿਖਤ 'ਜੇਲ੍ਹ ਚਿੱਠੀਆਂ' ਵਿਚੋਂ ਚੋਣਵੇਂ ਰਤਨ)

[ਪਿਛੇ ਤੋਂ ਅਗੇ—ਨੰ: 6[

(ਸੰਗ੍ਰਹਿ ਕਰਤਾ— ਭਾਈ ਮਨਮੋਹਨ ਸਿੰਘ ਜੀ ਪਟਨਾ)

੪੬. ਏਤਨੇ ਤਨਕ ਜੇਹੇ ਸਮੇਂ ਅੰਦਰ ਹੀ ਬਹੁਤ ਸਾਰੇ ਬਿਹਾਰੀ ਸਿਪਾਹੀ ਅਤੇ ਸਰਕਾਰੀ ਅਮਲੇ ਵਾਲੇ ਜੇਲ੍ਹ ਚਾਕਰ ਖਾਲਸੇ ਦੀ ਖਾਸੀ ਹਮਦਰਦੀ ਕਰਨ ਲਗ ਪਏ। ਕਈ ਖਾਸ ਖਾਸ ਸਜਣ ਤਾਂ ਗੁਰਬਾਣੀ ਦੀਆਂ ਧੁਨੀਆਂ ਸੁਣ ਸੁਣ ਗੁਰਸਿਖੀ ਦੇ ਸੱਚੇ ਆਸ਼ਕ ਹੋ ਖੜੋਤੇ, ਕਈ ਸਿਪਾਹੀਆਂ ਨੇ ਕੇਸ ਰਖ ਲਏ ਅਤੇ ਕਈਆਂ ਨੇ ਧੂਮਰ ਪਾਨ (ਤਮਾਕੂ ਪੀਣਾ) ਤਿਆਗ ਦਿਤਾ। ਇਹ ਸਭ ਕੁਛ ਬਿਨਾਂ ਉਪਦੇਸ਼ ਦੇ ਹੀ ਹੋਇਆ। ਖਾਲਸਾ ਜੀ ਦੀ ਰਹਿਣੀ ਬਹਿਣੀ ਅਤੇ ਕਰਨੀ ਪੇਖ ਪੇਖ ਹੀ ਉਨ੍ਹਾਂ ਨੂੰ ਗੁਰਸਿਖੀ ਰਹਿਤ ਬਹਿਤ ਦੀ ਰੀਝ ਆ ਗਈ। (ਪੰਨਾ ੩੦੮)

੪੭. ੧੯੨੦ ਤਾਈਂ ਅਸੀਂ ਕੋਠੀਆਂ ਦੀ ਚਾਰ ਦੀਵਾਰੀ ਅੰਦਰ ਹੀ ਤੜੇ ਤੜਾਏ ਰਹਿੰਦੇ ਰਹੇ। ਜੋ ਬੇੜੀ ਜੇਲ੍ਹ ਤੋੜਨ ਤੋਂ ਪਿਛੋਂ (ਨੋਟ: ਜਦ ਕੁਝ ਕੈਦੀ ਸਿੰਘ ਜੇਲ੍ਹ ਤੋੜਕੇ ਨਠ ਗਏ ਸਨ ਤੇ ਫੇਰ ਪਕੜੇ ਵੀ ਗਏ ਸਨ) ਫੇਰ ਲਗ ਗਈਆਂ ਸਨ, ਪੈਰਾਂ ਦਾ ਗਹਿਣਾ ਹੀ ਬਣ ਗਈਆਂ। ਨਾ ਕੋਈ ਉਤਾਰੇ ਨਾ ਅਸੀਂ ਹੀ ਉਤਰਵਾਈਏ। ਭਲਾ ਗਹਿਣਿਆਂ ਨੂੰ ਕੌਣ ਉਤਰਵਾਏ (ਪੰਨਾ ੩੦੯)

੪੯. ਦਾਸ ਨੇ ਉਨ੍ਹਾਂ (ਭਾਈ ਹੀਰਾ ਸਿੰਘ ਚਰੜ) ਪ੍ਰਤੀ ਪ੍ਰੇਮ ਦ੍ਰਵੀ ਹੋ ਕੇ ਆਖਿਆ ਕਿ ਵੀਰ ਜੀ ਤੁਸੀਂ ਕਸੂਤੇ ਵਹਿਣ ਪਏ ਜਾਪਦੇ ਹੋ। ਜਿਸ ਨੂੰ ਤੁਸੀਂ ਭਜਨ ਅਭਿਆਸ ਆਖਦੇ ਹੋ ਉਹ ਤਾਂ ਭਜਨ ਹੀ ਨਹੀਂ ਅਤੇ ਗੁਰਮਤਿ ਨਾਮ ਅਭਿਆਸ ਭਗਤੀ ਤੋਂ ਕੋਸੋਂ ਦੂਰ ਬਲਕਿ ਐਨ ਉਲਟ ਹੈ। ਤੁਸੀਂ 'ਸੋਹੰ' ਦਾ ਅਭਿਆਸ ਕਰਦੇ ਹੋ, ਸੋ ਇਸ ਨਾਲ ਤਾਂ ਹੰਗਤਾ ਹੀ ਵਧਨੀ ਸੀ। ......... ਆਪ ਦੀ ਹਾਲਤ ਬੜੀ ਹੀ ਤਰਸ ਯੋਗ ਹੈ ਕਿ ਇਤਨਾ ਅਮੋਲਕ ਸਮਾਂ ਬਿਰਥੀ-ਘਾਲਣਾ ਵਿਚ ਹੀ ਗੰਵਾਇਆ। ਫੇਰ ਤਾਂ ਵੀਰ ਹੀਰਾ ਸਿੰਘ ਜੀ ਘਿਗਿਆ ਉਠੇ ਕਿ ਕਿਵੇਂ ਗੁਰਮਤਿ ਨਾਮ ਦੀ ਪ੍ਰਾਪਤੀ ਹੋਵੇ। ਦਾਸ ਨੇ ਉਨ੍ਹਾਂ ਪ੍ਰਤਿ ਕੋਰੇ ਕਰਾਰੇ ਹੋਕੇ ਆਖ ਦਿਤਾ ਕਿ ਕੇਵਲ ਪੰਜਾਂ ਪਿਆਰਿਆਂ ਨੂੰ ਹੀ ਗੁਰਮਤਿ ਨਾਮ ਦ੍ਰਿੜਾਵਨ ਦਾ ਅਧਿਕਾਰ ਹੈ; ਅਤੇ ਇਸ ਬਿਧ ਦ੍ਰਿੜਾਇਆ ਹੋਇਆ ਨਾਮ ਹੀ ਫ਼ਲੀ ਭੂਤ ਹੋ ਸਕਦਾ ਹੈ। (ਪੰਨਾ: ੩੧੩)

੫੦. ਤੁਰੰਤ ਵੀਰ ਹੀਰਾ ਸਿੰਘ ਜੀ ਨੂੰ ਆਪਣੀ ਕੋਠੀ ਵਿਖੇ ਅੰਤਰ ਧਿਆਨ ਹੋਕੇ ਬੇਨਤੀ ਪ੍ਰਾਇਣ ਹੋਣ ਲਈ ਬਿਨੈ ਕੀਤੀ ਗਈ। ਏਧਰ ਆਪਣੀ ਕੋਠੜੀ ਵਿਚ ਦਾਸ ਭੀ ਉਨ੍ਹਾਂ ਦੀ ਨਮਿਤ ਗੁਪਤ ਅਰਦਾਸ ਵਿਚ

www.AKJ.Org

ਜੁਟ ਗਿਆ...... ਉਦੋਂ ਹੀ ਪਤਾ ਲਗਾ ਕਿ ਦੋ ਬਜੇ ਸਾਧੂ ਰਾਧਾ ਸਿੰਘ ਪਹਿਰਾ ਦੇਣ ਲਈ ਆਪ ਮੇਰੀ ਕੋਠੀ ਅਗੇ ਆਣ ਖਲੋਤੇ ਅਭਿਆਸ ਕਰਦੇ ਕਰਦੇ ਆਨ ਖਲੋਤੇ ਕੀ ਦੇਖਦਾ ਹਾਂ ਕਿ ਉਹ ਸੁਆਲਾਂ ਨਾਲ ਅਭਿਆਸ ਕਰਦੇ ਹਨ। ਮੈਂ ਹੈਰਾਨ ਹੋਕੇ ਉਨ੍ਹਾਂ ਤੋਂ ਪੁਛਿਆ ਕਿ ਤੁਸੀਂ ਇਹ ਅਭਿਆਸ ਕਿਥੋਂ ਸਿਖਿਆ? ਉਨ੍ਹਾਂ ਆਖਿਆ ਲਾਗਦੀ ਕੋਠੀ ਵਿਚ ਸਾਧੂ ਹੀਰਾ ਸਿੰਘ ਜੀ ਪਏ ਇਸ ਬਿਧ ਹੀ ਸੁਆਸਾਂ ਨਾਲ ਅਭਿਆਸ ਕਰ ਰਹੇ ਹਨ ਅਤੇ ਚੁਫਾਲ ਪਏ ਹਨ ਉਨ੍ਹਾਂ ਨੂੰ ਸੁਰਤ ਸੰਭਾਲ ਕੁਛ ਨਹੀਂ। ਮੈਂ ਤਾਂ ਉਨ੍ਹਾਂ ਦੀ ਨਕਲ ਹੀ ਕਰਦਾ ਹਾਂ।

(ਪੰਨਾ ੩੧੪)

੫੧ ਮੈਂ ਉਨ੍ਹਾਂ ਦੀ ਪ੍ਰੀਤੀ ਪ੍ਰੇਰਨਾ ਦਾ ਪ੍ਰੇਰਿਆ ਹੋਇਆ ਲਗਾ ਉਕਤ ਰਸਾਇਣੀ ਨੁਸਖਿਆਂ ਨੂੰ ਕੰਠ ਕਰਨ। ਕੰਠ ਕੀ ਕਰਨ ਲਗਾ? ਬਿਖ ਬਿਹਾਜਣ ਲਗ ਪਿਆ, ਜਿਉਂ ੨ ਕੰਠ ਕਰਾਂ ਤਿਉਂ ੨ ਵਿਹੁ ਚੜ੍ਹਦੀ ਜਾਵੇ। ਬਿਖ ਵਿਹਾਜਣ ਦੇ ਵਹਿਣਾਂ ਵਿਚ ਰੁੜ੍ਹ ਤੁਰਿਆ, ਸ਼ੇਖ ਚਿਲੀ ਵਾਂਗੂ ਲਗਾ ਕਰੋੜ ਪਤੀ ਬਨਣ ਦੀਆਂ ਵਿਉਂਤਾਂ ਬਨਾਉਣ। ਪਰਉਪਕਾਰੀ ਬਨਣ ਦੀਆਂ ਮਤਸਰਾਂ ਦੀ ਗੱਠੜੀ ਭੀ ਬੰਨ੍ਹਣੀ ਅਰੰਭ ਦਿਤੀ। ਜਿਥੇ ਮੇਰਾ ਮਨ ਖਿਨ ੨ ਤੇ ਸੁਆਸ ੨ ਨਾਮ ਦੇ ਪਾਰਸੀ ਚੰਦਨੀ ਜੋਤ ਰੰਗ ਵਿਚ ਖਿੜਿਆ ਅਤੇ ਰੰਗਿਆ ਰਹਿੰਦਾ ਸੀ ਅਤੇ ਰੋਮ ੨ ਜੋਤ ਵਿਗਾਸੀ ਤ੍ਰੁੰਗਾਂ ਵਿਚ ਸਫੁੱਟ ਹੋ ਹੋ 'ਇਕਦੂ ਜੀਭੌ ਲਖ ਹੋਇ' ਅਤੇ ਲਖਾਂ ਲਖਬੀਸ ਹੋ ਕੇ ਇਕੀਸ ਹੋਣ ਦੀਆਂ ਪਤ ਪਵੜੀਆਂ ਉਤੇ ਚੜ੍ਹਿਆ ਰਹਿੰਦਾ ਸੀ, ਹੁਣ ਉਥੇ ਖਿਨ ਖਿਨ ਮਾਇਆ ਦੀ ਬਿਖ ਬਿਆਪ ਗਈ, ਮੇਰੀ ਸੁਰਤੀ ਬਿਰਤੀ ਉਖੜ ਗਈ.........ਮੈਨੂੰ ਇਉਂ ਪ੍ਰਤੀਤ ਹੋਵੇ ਜਿਵੇਂ ਮੈਨੂੰ ਕੋਈ ਕਸ਼ਟ ਹੁੰਦਾ ਹੈ। ਸਚ ਮੁਚ—

"ਜੈ ਤਨਿ ਬਾਣੀ ਵਿਸਰਿ ਜਾਇ॥
ਜਿਉ ਪਕਾ ਰੋਗੀ ਵਿਲਲਾਇ॥"

ਵਾਲੇ ਗੁਰਵਾਕ ਦੀ ਘਟਨਾ ਘਟ ਗਈ। ਅਜ ਇਹ ਪਹਿਲਾ ਦਿਨ ਸੀ ਕਿ ਮੇਰੇ ਨਾਮ ਅਭਿਆਸ ਰੰਗਾਂ ਵਿਚ ਇਹ ਖਲਨ ਪਿਆ ...............ਮੈਂ ਨੁਸਖਾ ਕਢ ਕੇ ਜਲਦੀ ਅੰਗੀਠੀ ਵਿਚ ਸਿਟ ਦਿਤਾ ਤੇ ਪ੍ਰਚੰਡਕਾ ਦੇ ਭੇਟਾ ਕਰ ਦਿਤਾ। ਅਤੇ ਉਥੇ ਹੀ ਖਲੋਕੇ ਅਰਦਾਸਾ ਸੋਧ ਦਿਤਾ ਕਿ ਹੇ ਸਚੇ ਪਾਤਸ਼ਾਹ!...........ਜੋ ਕੁਛ ਰਸਾਇਣੀ ਨੁਸਖੇ (ਸੋਨਾ ਬਨਾਉਣ ਦੇ ਨੁਸਖੇ ਵਲ ਸਕੇਤ ਹੈ) ਦਾ ਅੰਗ ਅੰਗ ਚੇਤੇ ਹੋਇਆ ਹੈ ਸੋ ਮੇਰੇ ਮਗਜ਼ ਵਿਚੋਂ ਮਿਟ ਜਾਵੇ ਅਤੇ ਸੁਪਨ ਮਾਤਰ ਚੇਤੇ ਨਾ ਆਵੇ।

(ਪੰਨਾ ੩੧੭-੧੮)

੫੨. .........ਅਸਾਡੀ ਕਿਸਮਤ ਵਿਚ ਹੋਵੇਗਾ ਤਾਂ ਅਸਾਨੂੰ ਆਪੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਆਪਣੇ ਦਰਸ਼ਨਾਂ ਲਈ ਬਾਹਰ ਕਢ ਮੰਗਾਉਣਗੇ, ਨਾ ਕਿ ਅਸੀਂ ਗੁਰੂ ਸਾਹਿਬ ਨੂੰ ਐਥੇ (ਭਾਵ ਜੇਲ੍ਹ ਵਿਚ) ਆਣ ਦੀ ਖੇਚਲ ਦੇਈਏ ਅਤੇ ਮੁਫਤ ਦੀ ਬੇਅਦਬੀ ਕਰਾਈਏ। ਅਸਾਂ ਤੋਂ ਗੁਟਕਿਆਂ ਦੀ ਬੇਅਦਬੀ ਭੀ ਨਹੀਂ ਸਹਾਰੀ ਜਾਂਦੀ। (ਪੰਨਾ ੩੨੯)

੫੩. ਦੋ ਹਫ਼ਤਿਆਂ ਦੇ ਉਪਰ ਤਿੰਨ ਚਾਰ ਦਿਹਾੜੇ (ਅਨ ਜਲ ਬਿਹੂਨ) ਹੋਰ ਬਤੀਤ ਗਏ। ਅਮਲ ਅਲੇਲੀਆਂ ਨੂੰ ਨਾਮ ਅਮਲ ਮਾਵਿਆਂ ਉਪਰ ਹੀ ਸੰਤੁਸ਼ਟ ਰਹਿੰਦਿਆਂ ਸਤਾਰੁਵੇਂ ਦਿਨ ਸਬਰ ਸੰਤੋਖ ਦਾ ਫਲ ਅੰਕੂਰ ਲਗਾ ਸਫੁਟ ਹੋਣ, ਤ੍ਰਿਭਵਣ ਧਣੀ ਨੇ ਆਪਣੇ ਉਪਾਰ ਜਨੀਆਂ ਉਤੇ ਮਇਆ ਕਰ ਫੇਰ ਮਾਇਆ ਫੇਰ ਦਿਤੀ..... (ਪੰਨਾ ੩੪੭)

ਚਲਦਾ

www.AKJ.Org

# ਵਡਾ ਪੁਰਖ ਪ੍ਰਗਟਿਆ, ਕਲਜੁਗ ਅੰਦਰ ਜੋਤ ਜਗਾਈ

(ਵਲੋਂ—ਸ: ਜਗਜੀਤ ਸਿੰਘ 'ਦਰਦੀ' ਪਟਿਆਲਾ)

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਇਸ ਸੰਸਾਰ ਵਿਚ ਪ੍ਰਗਟ ਹੋਣਾ ਇਕ ਧੁੰਦ ਨਾਲ ਭਰਪੂਰ ਜਗਤ ਵਿਚ ਚਾਨਣ ਹੋਣਾ, ਹੈ ਜੀਵਨਜਾਚ ਸਿਖਾਉਣ ਵਾਲੇ ਇਕ ਮਹਾਨ ਚਾਨਣ ਮੁਨਾਰੇ ਦਾ ਪ੍ਰਕਾਸ਼ਮਾਨ ਹੋਣਾ ਹੈ, ਜਬਰ ਜ਼ੁਲਮ ਹੇਠ ਲਿਤਾੜੀ ਹੋਈ ਜਨਤਾ ਲਈ ਇਕ ਮਹਾਂਨਯੋਧੇ ਦਾ ਪੈਦਾ ਹੋਣਾ ਹੈ। ਗਲ ਕੀ ਗੁਰੂ ਨਾਨਕ ਦੇਵ ਜੀ ਦਾ ਪ੍ਰਗਟ ਹੋਣਾ ਜਗ ਰੁਸ਼ਨਾਈ ਦੇ ਜ਼ਿੰਮੇਵਾਰ ਸੂਰਜ ਦਾ ਚੜ੍ਹਨਾ ਹੈ, ਕਲਿਜੁਗ ਦੇ ਤਾਰਕ ਦਾ ਆਉਣਾ ਹੈ ਅਤੇ ਨੌ ਖੰਡ ਪ੍ਰਿਥਮੀ ਦੇ ਸਚੇ ਸਹਾਇਕ ਦਾ ਪੈਦਾ ਹੋਣਾ ਹੈ।

ਸਤਿਗੁਰ ਨਾਨਕ ਪ੍ਰਗਟਿਆ, ਮਿਟੀ ਧੁੰਦ ਜਗ ਚਾਨਣ ਹੋਆ ॥
ਅਤੇ ਛਪੇ ਨਾਹਿ ਛਪਾਇਆ ਚੜ੍ਹਿਆ ਸੂਰਜ ਜਗਿ ਰੁਸਨਾਈ ॥

ਗੁਰੂ ਨਾਨਕ ਦੇਵ ਜੀ ਦੇ ਤਲਵੰਡੀ ਵਿਚ ਪੈਦਾ ਹੋਣ ਵਾਲੇ ਅਸਥਾਨ ਤੋਂ ਤੋਹੀਦ ਦੀ ਅਵਾਜ਼ ਬੁਲੰਦ ਹੋਈ ਜਿਸਨੇ ਸਾਰੇ ਸੰਸਾਰ ਦੇ 'ਲੋਕਾਂ ਨੂੰ ਸਚਾਈ ਦੇ ਝੰਡੇ ਹੇਠ ਇਕਠੇ ਹੋਣ ਦਾ ਹੋਕਾ ਦਿਤਾ। ਜਬਰ ਅਤੇ ਜ਼ੁਲਮ ਦਾ ਖਾਤਮਾ ਕਰਨ ਲਈ ਲੋਕਾਂ ਨੂੰ ਨਿਰਭੈ ਹੋਕੇ ਅਵਾਜ਼ ਉਠਾਉਣ ਦਾ ਸਨੇਹਾ ਦਿਤਾ। ਅੰਧ ਵਿਸ਼ਵਾਸ਼ਾਂ ਤੋਂ ਮੁਕਤ ਹੋਕੇ ਇਕ ਸਿਧੀ ਅਤੇ ਸਾਦੀ ਜਿਹੀ ਜੀਵਨ ਜਾਚ ਤੋਂ ਜਾਣੂ ਕਰਵਾਇਆ। ਦੇਸ਼ ਵਿਚ ਸਮਾਜ਼ਕ, ਰਾਜਨੀਤਕ ਅਤੇ ਆਰਥਕ ਇਨਕਲਾਬ ਦਾ ਨਾਹਰਾ ਦਿਤਾ।

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਾਰਾ ਜੀਵਨ ਹੀ ਸੰਸਾਰ ਦੇ ਜੀਵਾਂ ਦੀ ਭਲਾਈ ਲਈ ਖਰਚ ਹੋਇਆ। ਬਚਪਨ ਵਿਚ ਹੀ ਆਪ ਜੀ ਦੀ ਸ਼ਖ-ਸ਼ੀਅਤ ਨੇ ਆਲੇ ਦੁਆਲੇ ਦੇ ਲੋਕਾਂ ਉਤੇ ਅਪਣਾ ਪ੍ਰਭਾਵ ਪਾ ਲਿਆ ਜਿਸ ਕਿਸੇ ਨੂੰ ਵੀ ਆਪ ਨਾਲ ਮੇਲ ਹੋਣ ਦਾ ਅਵਸਰ ਪ੍ਰਾਪਤ ਹੋਇਆ, ਆਪ ਜੀ ਦੇ ਸ਼ੁਭ ਵਿਚਾਰ ਅਤੇ ਸੁਚਜੇ ਜੀਵਨ ਤੋਂ ਪ੍ਰਭਾਵਤ ਹੋ ਗਿਆ ਅਤੇ ਸਦਾ ਲਈ ਸ਼ਰਧਾਲੂ, ਬਣ ਗਿਆ ਉਸਨੇ ਆਪਣੇ ਜੀਵਨ ਦਾ ਸਾਰਾ ਪਿਆਰ, ਸਤਿਕਾਰ ਅਤੇ ਸਭ ਕੁਝ ਹੀ ਇਸ ਮਹਾਨ ਸ਼ਖ਼ਸੀਅਤ ਦੇ ਅਰਪਨ ਕਰ ਦਿਤਾ। ਇਸ ਪਵਿਤਰ ਪਾਰਸ ਦੀ ਛੋਹ ਨਾਲ ਉਸ ਦੀ ਕਾਇਆ ਕਲਪ ਹੋ ਗਈ ਅਤੇ ਸਚ ਮਾਰਗ ਤੋਂ ਜਾਣੂ ਹੋ ਕੇ ਉਹ ਆਪਣੀ ਉਮਰ ਸਚੇ ਉਦੇਸ਼ਾਂ ਵਾਲ ਮਾਰਗ ਨੂੰ ਦਰਸਾਉਣ ਦਾ ਸੋਮਾਂ ਬਣ ਗਿਆ ਗੁਰੂ ਨਾਨਕ ਦੇਵ ਜੀ ਦਾ ਇਸ ਸੰਸਾਰ ਵਿਚ ਪ੍ਰਕਾਸ਼ਮਾਨ ਹੋਣ ਦਾ ਉਦੇਸ਼ ਸਾਰੇ ਸੰਸਾਰ ਦੇ ਲੋਕਾਂ ਨੂੰ ਸਚਾਈ ਦੀ ਖਾਤਰ ਕੁਰਬਾਨੀ ਕਰਨ ਲਈ ਪ੍ਰੇਰਤ ਕਰਨਾ ਸੀ। ਉਹਨਾਂ ਨੂੰ ਪਰਮਾਤਮਾਂ ਦੀ ਹੋਂਦ ਤੋਂ ਜਾਣੂ ਕਰਵਾ ਕੇ ਇਕ ਸੁੰਦਰ ਜਿਹੀ ਜੀਵਨ ਜਾਚ ਉਤੇ ਤੁਰਨ ਵਾਲੇ ਪਾਂਧੀ ਬਨਾਉਣਾ ਸੀ। ਅੰਧ ਵਿਸ਼ਵਾਸ਼ਾਂ ਅਤੇ ਹੋਰ ਗਲਤ ਫ਼ਜ਼ੂਲ ਕੰਮਾਂ ਤੋਂ ਛੁਟਕਾਰਾ ਦਵਾ ਕੇ ਉਹਨਾਂ ਦੇ ਸੰਸਾਰਕ ਜੀਵਨਾਂ ਨੂੰ ਸਫਲ ਅਤੇ ਸੁਹਾਵਣਾ ਬਣਾਉਣਾ ਸੀ।

ਗੁਰੂ ਨਾਨਕ ਦੇਵ ਜੀ ਦਾ ਮਿਸ਼ਨ ਸਾਰੇ ਸੰਸਾਰ ਦੇ ਲੋਕਾਂ ਲਈ ਸਾਂਝਾ ਹੈ। ਇਸੇ ਲਈ ਉਹ ਸੰਸਾਰ ਵਿਚ ਵਖ ਵਖ ਅਸਥਾਨਾਂ ਉਤੇ ਗਏ ਅਤੇ ਵਖ ਵਖ ਲੋਕਾਂ ਨੂੰ ਸਚਾਈ ਦੇ ਮਾਰਗ ਤੋਂ ਜਾਣੂ ਕਰਵਾਇਆ।

ਆਪ ਜੀ ਦਾ ਨਾਹਰਾ ਸੀ—

'ਨਾ ਹਮ ਹਿੰਦੂ ਨਾ ਮੁਸਲਮਾਨ'

ਆਪ ਜੀ ਨੂੰ ਜਦੋਂ ਪੁਛਿਆ ਗਿਆ ਕਿ ਆਪ ਕੌਣ ਹੋ ਤਾਂ ਆਪ ਨੇ ਉਤਰ ਦਿਤਾ ਸੀ

ਨਾ ਹਮ ਹਿੰਦੂ ਨਾ ਮੁਸਲਮਾਨ ॥
ਅੱਲਾ ਰਾਮ ਕੇ ਪਿੰਡ ਪਰਾਨ ॥

ਗੁਰੂ ਨਾਨਕ ਦੇਵ ਜੀ ਦੀ ਸ਼ਖਸੀਅਤ ਸਰਬ

www.AKJ.Org

ਸਾਂਝੀ ਸੀ। ਆਪ ਸਾਰੇ ਸੰਸਾਰ ਦੇ ਵਖ ਵਖ ਧਰਮ ਅਸਥਾਨਾਂ ਉਤੇ ਗਏ ਅਤੇ ਵਖ ਵਖ ਧਰਮਾਂ ਦੇ ਆਗੂਆਂ ਅਤੇ ਪੈਰਕਾਰਾਂ ਨੂੰ ਸਚਾਈ ਦੇ ਮਾਰਗ ਤੋਂ ਜਾਣੂ ਕਰਵਾਇਆ। ਇਸੇ ਲਈ ਸਭ ਧਰਮਾਂ ਵਾਲਿਆਂ ਨੇ ਆਪ ਜੀ ਨੂੰ ਪੂਰਾ ਪਿਆਰ ਅਤੇ ਸਤਿਕਾਰ ਦਿਤਾ।

ਆਪ ਜੀ ਦੇ ਸਰਬ ਸਾਂਝੀਵਾਲਤਾ ਵਾਲੇ ਉਪਦੇਸ਼ਾਂ ਅਤੇ ਪਰਉਪਕਾਰਾਂ ਨੇ ਜਨਤਾ ਦੀ ਕਾਇਆ ਕਲਪ ਕਰ ਦਿਤੀ। ਜਿਉਂ ਜਿਉਂ ਲੋਕੀ ਆਪ ਜੀ ਦੇ ਸੁਚੱਜੇ ਉਪਦੇਸ਼ਾਂ ਤੋਂ ਜਾਣੂ ਹੁੰਦੇ ਗਏ ਗਲਤ ਲੀਹਾਂ ਤੋਂ ਹਟ ਸਚਾਈ ਦੇ ਮਾਰਗ ਦੇ ਧਾਰਨੀ ਬਣਦੇ ਗਏ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣਾ ਸਾਰਾ ਜੀਵਨ ਮਨੁਖਤਾ ਦੀ ਭਲਾਈ ਲਈ ਖਰਚ ਕੀਤਾ। ਬਚਪਨ ਤੋਂ ਲੈਕੇ ਬੁਢਾਪੇ ਤਕ ਆਪ ਜੀ ਵਲੋਂ ਕੀਤਾ ਗਿਆ ਹਰ ਇਕ ਕੰਮ ਮਨੁਖ ਜਾਤੀ ਦੀ ਉਨਤੀ ਅਤੇ ਭਲਾਈ ਲਈ ਇਕ ਮਹਾਨ ਲੀਹ ਸੀ ਇਹ ਉਨ੍ਹਾਂ ਦੇ ਜੀਵਨ ਇਤਿਹਾਸ ਦੀ ਇਕ ਸਤਰ ਤੋਂ ਪ੍ਰਤੱਖ ਵਿਖਾਈ ਦੇ ਰਿਹਾ ਹੈ। ਬਚਪਨ ਵਿਚ ਸੱਚਾ ਸੌਦਾ ਕਰਨਾ, ਪਾਂਧੇ ਨੂੰ ਉਪਦੇਸ਼ ਦੇਣਾ; ਕੌਡੇ ਰਾਖਸ਼ ਨੂੰ ਤਾਰਨਾ, ਸੱਜਣ ਠੱਗ ਨੂੰ ਸਿਧੇ ਰਸਤੇ ਪਾਉਣਾ, ਬਾਬਰ ਵਰਗੇ ਜਾਬਰ ਬਾਦਸ਼ਾਹ ਨੂੰ ਸਿਖਿਆ ਦੇਣੀ, ਭਾਈ ਲਾਲੋ ਦੇ ਸੁਕੇ ਰੋਟਾਂ ਚੋਂ ਦੁਧ ਦੀ ਧਾਰ ਵਗਾਉਣੀ, ਵਲੀ ਕੰਧਾਰੀ ਦਾ ਹੰਕਾਰ ਤੋੜਨਾ ਇਤਿਆਦਿਕ ਆਪ ਜੀ ਦੇ ਜੀਵਨ ਦੇ ਅਨੇਕਾਂ ਮਹਾਨ ਕਾਰਨਾਮਿਆਂ ਚੋਂ ਕੁਝ ਕੁ ਉਦਾਹਰਣਾ ਹਨ। ਮਨੁਖਤਾ ਦੇ ਭਲੇ ਲਈ ਆਪਜੀ ਨੇ ਸਾਰੇ ਸੰਸਾਰ ਦੀ ਯਾਤਰਾ ਕੀਤੀ। ਸੰਸਾਰ ਦੇ ਵਖ ਵਖ ਅਸਥਾਨਾਂ ਉਤੇ ਜਾਕੇ ਲੋਕਾਂ ਨੂੰ ਸਹੀ ਅਗਵਾਈ ਦਿਤੀ, ਧਰਮ ਦੇ ਆਗੂਆਂ ਨੂੰ ਆਪਣੇ ਫਰਜ਼ਾਂ ਦੀ ਪੂਰਤੀ ਲਈ ਹੁਲਾਰਾ ਦਿਤਾ ਅਤੇ ਸਚਾਈ ਦੀ ਖਾਤਰ ਕੁਰਬਾਨੀ ਕਰਨ ਦਾ ਨਾਹਰਾ ਦਿਤਾ।

ਜੀਵਨ ਦੇ ਅੰਤਮ ਸਮੇਂ ਤਕ ਆਪ ਇਨ੍ਹਾਂ ਮਹਾਨ ਆਸ਼ਿਆਂ ਦੀ ਪੂਰਤੀ ਲਈ ਜੁਟੇ ਰਹੇ। ਸੰਸਾਰਕ ਲੋਕਾਂ ਨੂੰ ਜੀਵਨ ਦੇ ਹਰ ਪਹਿਲੂ ਲਈ ਅਗਵਾਈ ਦੇਣ ਲਈ ਸੰਪੂਰਨ ਅਤੇ ਸਫਲ ਯਤਨ ਕੀਤਾ। ਆਪ ਜੀ ਨੇ ਗ੍ਰਹਿਸਤ ਧਾਰਨ ਕੀਤਾ, ਸੰਤਾਂ ਸਾਧੂਆਂ ਵਾਲਾ ਬਾਣਾ ਪਹਿਰਿਆ ਅਤੇ ਅੰਤ ਵਿਚ ਇਹ ਭੇਖ ਉਤਾਰ ਕੇ ਹਥੀਂ ਕਿਰਤ ਕੀਤੀ। ਆਪ ਜੀ ਦੇ ਉਪਦੇਸ਼ ਕੇਵਲ ਕਹਿਣੀ ਦੇ ਹੀ ਨਹੀਂ ਸਗੋਂ ਕਰਨੀ ਵਿਚ ਵੀ ਪੂਰੇ ਸਨ। ਜੇ ਲੋਕਾਂ ਨੂੰ ਸਚ ਬੋਲਣ ਦਾ ਉਪਦੇਸ਼ ਦਿਤਾ ਤਾਂ ਆਪ ਵੀ ਸੱਚੇ ਸੁੱਚੇ ਸਦਾਚਾਰਕ ਜੀਵਨ ਵਾਲੇ ਬਣ ਕੇ ਪੇਸ਼ ਆਏ। ਜੇ ਜ਼ੁਲਮ ਵਿਰੁਧ ਅਵਾਜ਼ ਉਠਾਉਣ ਦਾ ਨਾਹਰਾ ਦਿਤਾ ਤਾਂ ਆਪ ਵੀ ਜ਼ੁਲਮ ਵਿਰੁਧ ਅਵਾਜ਼ ਉਠਾਈ। ਜੇ ਲੋਕਾਂ ਨੂੰ ਦਸਾਂ ਨੌਹਾਂ ਦੀ ਕਿਰਤ ਕਮਾਈ ਕਰਕੇ ਰੋਜ਼ੀ ਕਮਾਉਣ ਦਾ ਉਪਦੇਸ਼ ਦਿਤਾ ਤਾਂ ਆਪ ਵੀ ਹਥੀਂ ਮਿਹਨਤ ਕਰਕੇ ਖਾਧਾ। ਜੇ ਵੰਡ ਛਕਣ ਦਾ ਉਪਦੇਸ਼ ਦਿਤਾ ਤਾ ਆਪ ਵੀ ਲੋਕਾਂ ਨੂੰ ਵੰਡ ਛਕਾਇਆ। ਇਹੋ ਕਾਰਨ ਸੀ ਕਿ ਆਪ ਜੀ ਦੇ ਉਪਦੇਸ਼ ਲੋਕਾਂ ਦੇ ਦਿਲਾਂ ਵਿਚ ਘਰ ਕਰ ਗਏ। ਥਾਂ ਥਾਂ ਉਤੇ ਲੋਕਾਂ ਨੇ ਆਪ ਜੀ ਵਲੋਂ ਦਸੀ ਗਈ ਜੀਵਨ ਜਾਚ ਨੂੰ ਅਪਣਾਇਆ। ਲੋਕਾਂ ਨੇ ਮਨੁੱਖਤਾ ਦੇ ਅਵਤਾਰ ਮੰਨਕੇ ਸਤਿਕਾਰ ਅਤੇ ਪਿਆਰ ਪ੍ਰਗਟ ਕੀਤਾ।

ਆਪ ਜੀ ਵਲੋਂ ਪਾਈ ਗਈ ਇਸ ਮਹਾਨ ਲੀਹ ਨੂੰ ਬਾਅਦ ਵਿਚ ਨੌਂ ਗੁਰੂ ਜੋਤਾਂ ਨੇ ਅਗਾਂਹ ਤੋਰਿਆ, ਇਨ੍ਹਾਂ ਮਹਾਨ ਪਵਿਤਰ ਆਸ਼ਿਆਂ ਨੂੰ ਅਪਣਾਇਆ, ਪ੍ਰਚਾਰਿਆ ਅਤੇ ਸੰਪੂਰਨ ਕੀਤਾ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਉਪਦੇਸ਼ ਅਜ ਵੀ ਉਸੇ ਤਰ੍ਹਾਂ ਅਟੱਲ ਹਨ ਅਤੇ ਸੱਚੇ ਚਾਨਣ ਮੁਨਾਰਿਆਂ ਦੇ ਰੂਪ ਵਿਚ ਪ੍ਰਗਟ ਹੋਕੇ ਸਾਰੇ ਸੰਸਾਰ ਦੇ ਲੋਕਾਂ ਨੂੰ ਅਗਵਾਈ ਦੇਣ ਯੋਗ ਹਨ। ਜਦੋਂ ਤਕ ਇਹ ਜ਼ਮੀਨ, ਅਸਮਾਨ ਅਤੇ ਚੰਨ ਸੂਰਜ ਕਾਇਮ ਹਨ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ ਇਸੇ ਤਰ੍ਹਾਂ ਅਗਵਾਈ ਦਿੰਦੇ ਰਹਿਣਗੇ। ਸੰਸਾਰ ਵਾਸੀਆਂ ਨੂੰ ਸਚਾਈ ਦੇ ਮਾਰਗ ਦੇ ਧਾਰਨੀ ਬਣਨ ਅਤੇ ਸਚ ਦੀ ਖਾਤਰ ਕੁਰਬਾਨੀ ਕਰਨ ਲਈ ਪ੍ਰੇਰਤ ਕਰਦੇ ਰਹਿਣਗੇ।

www.AKJ.Org

# ੦: ਹਉਮੈ ਦੀਰਘੁ ਰੋਗ ਹੈ :੦

( ਭਾਈ ਕਰਮ ਸਿੰਘ ਜੀ 'ਭੰਡਾਰੀ' ਬਰਨਾਲਾ )

ਪ੍ਰਮਾਤਮਾਂ (ਅਕਾਲ ਪੁਰਖ) ਨੇ ਜਦੋਂ ਸੰਸਾਰ ਦੀ ਸਾਜਨਾ (ਉਤਪਤੀ) ਕੀਤੀ ਸੀ ਤਾਂ ਵਸਤਾਂ, ਖਾਣੀਆਂ ਬ੍ਰਹਮੰਡਾਂ ਜੀਵਾਂ, ਜੂਨੀਆਂ ਦੀਆਂ ਵੰਡਾਂ ਪਾਈਆਂ ਅਤੇ ੮੪ ਲਖ ਜੂਨ (ਜੀਵਾਂ) ਦੀ ਪੈਦਾਇਸ਼ ਕੀਤੀ ਤੇ ਉਸਨੇ (ਅਕਾਲ ਪੁਰਖ) ਕਿਸੇ ਨੂੰ ਕੁਝ ਦਿਤਾ ਕਿਸੇ ਨੂੰ ਕੁਝ ਦਿਤਾ ਜਿਵੇਂ ਹਾਥੀ ਨੂੰ ਵਡਾ ਕੱਦ, ਸ਼ੇਰ ਨੂੰ ਬਲ (ਜ਼ੋਰ) ਸੱਪ ਨੂੰ ਜ਼ਹਿਰ ਤੇ ਮਣੀ, ਬਾਂਦਰ ਨੂੰ ਤੇ ਲੂੰਬੜੀ ਨੂੰ ਸ਼ਰਾਰਤ ਤੇ ਚਲਾਕੀ ਕੁਤੇ ਨੂੰ ਵਫ਼ਾਦਾਰੀ ਆਦਿ ਸਭ ਨੂੰ ਅੱਡ ੨ ਗੁਣ ਬਖਸ਼ ਦਿਤੇ ਤੇ ਇਸ ਤਰਾਂ ਅਕਾਲ ਪੁਰਖ ਨੇ ਵੰਡਾਂ ਪਾਉਂਦੇ ਹੋਏ ਨੇ ਗੁਰਬਾਣੀ ਦੇ ਮਹਾਂ ਵਾਕ ਅਨੁਸਾਰ 'ਹਉਮੈ ਰੋਗ ਮਾਨੁਖ ਕਉ ਦੀਨਾ' ਇਹ ਮਹਾਂ ਭਿਅੰਕਰ ਅਤੇ ਅਸਾਧ ਰੋਗ ਨੂੰ ਚੁਰਾਸੀ ਲਖ ਜੂਨੀ ਦੇ ਸਰਦਾਰ (ਮਨੁਖ) ਦੀ ਵੰਡ ਵਿਚ ਰਖ ਦਿਤਾ ਇਕ ਪਾਸੇ ਤਾਂ ਮਨੁਖ ਨੂੰ ਚੁਰਾਸੀ ਲਖ ਜੂਨੀ ਦੀ ਸਰਦਾਰੀ ਬਖਸ਼ ਕੇ ਇਸਦੇ ਹਥ ਵਿਚ ਸਾਰੇ ਸੰਸਾਰ (ਬ੍ਰਹਮੰਡ) ਦੀਆਂ ਕੁੰਜੀਆਂ ਸੌਂਪ ਦਿਤੀਆਂ ਹਨ ਅਤੇ ਦੂਜੇ ਪਾਸੇ ਇਸ ਦੀ ਵੰਡ ਵਿਚ ਇਹ ਅਸਾਧ ਰੋਗ, ਦੀਰਘੁ ਰੋਗ (ਹਉਮੈ) ਪਾ ਕੇ ਇਸ (ਮਨੁਖ) ਨੂੰ ਪਸ਼ੂਆਂ ਨਾਲੋਂ ਭੀ ਨਿਕਾਰਾ ਅਤੇ ਰਾਖਸ਼ਾਂ ਦੀ ਬੁਧੀ (ਅਕਲ) ਨਾਲੋਂ ਭੀ ਇਸ ਦੀ ਬੁਧੀ ਨੂੰ ਭੈੜੀ ਬਣਾ ਦਿਤਾ।

ਹਉਮੈ ਦੇ ਕਾਰਨ ਹੀ ਸਰਬ ਪ੍ਰਕਾਰ ਦੇ ਰੋਗ ਸਾਰੇ ਵੈਰੀ ਕਾਮ, ਕਰੋਧ, ਲੋਭ ਮੋਹ ਮਾਇਆ, ਤ੍ਰਿਸ਼ਨਾ, ਝਗੜਾ, ਕੁਸੱਤ, ਈਰਖਾ, ਝੂਠ, ਅਸ਼ਾਂਤੀ, ਗਮੀ, ਉਦਾਸੀ, ਦੁਖ ਤਕਲੀਫ ਆਦਿ ਇਸ ਮਨੁਖ ਨੂੰ ਚੰਬੜ ਜਾਂਦੇ ਹਨ ਜਿਨਾਂ ਦੇ ਚੰਬੜਣ ਕਾਰਣ ਹੀ ਇਹ (ਮਨੁਖ) ਅਨੇਕਾਂ ਪ੍ਰਕਾਰ ਦੀਆਂ ਗਲਤੀਆਂ ਤੇ ਉਪਦਰ ਕਰਦਾ ਹੈ। ਇਹ ਹਉਮੈ ਰੂਪੀ ਪਰਦਾ ਮਨੁਖ ਅਤੇ ਪ੍ਰਮਾਤਮਾਂ ਦੇ ਵਿਚਕਾਰ ਇਸਤਰਾਂ ਆ ਕੇ ਟਿੱਕ ਜਾਂਦਾ ਹੈ ਜਿਵੇਂ ਸੂਰਜ ਤੇ ਰਾਹੂ ਕੇਤੂ (ਰਾਖਸ਼) ਦੇ ਮੇਲ ਹੋਣ ਤੇ ਗ੍ਰਿਹਣ ਲਗ ਜਾਂਦਾ ਹੈ। ਇਸ ਗ੍ਰਹਿਣ ਅੰਦਰ ਦੁਨੀਆਂ ਨੂੰ ਸੂਰਜ ਕਿਤੇ ਭੀ ਨਜ਼ਰ ਨਹੀਂ ਆਉਂਦਾ ਪਰ ਜਦੋਂ ਰਾਖਸ਼ ਪਰੇ ਹਟ ਜਾਂਦਾ ਹੈ ਤਾਂ ਫਿਰ ਸੂਰਜ ਦਿਖਾਈ ਦੇਣ ਲਗ ਜਾਂਦਾ ਹੈ। ਇਸੇ ਤਰਾਂ ਹੀ ਮਨੁਖ ਅਤੇ ਪ੍ਰਮਾਤਮਾਂ ਦੇ ਵਿਚਕਾਰ ਇਹ ਹਉਮੈ ਦਾ ਪਰਦਾ (ਪੜ੍ਹਦਾ) ਹੈ। ਜਦੋਂ ਇਹ ਹਉਮੈ ਰੂਪੀ ਪ੍ਰਮਾਤਮਾਂ (ਅਕਾਲ ਪੁਰਖ) ਤੇ ਮਨੁਖ ਵਿਚਕਾਰੋਂ ਪਰਦਾ ਦੂਰ ਹੋ ਜਾਂਦਾ ਹੈ ਤਾਂ ਸਮਝੋ ਪ੍ਰਮਾਤਮਾਂ ਤੇ ਮਨੁਖ (ਜੀਵ-ਆਤਮਾਂ) ਵਿਚ ਕੋਈ ਭੀ ਭਿੰਨਤਾ ਨਹੀਂ ਰਹਿੰਦੀ। ਪਰ ਜੇ ਕਿਤੇ ਇਸ ਮਨੁਖ ਦੀ ਵੰਡ ਵਿਚ ਇਹ ਹਉਮੈ (ਮਹਾਂ ਅਸਾਧ ਰੋਗ) ਨਾ ਦਿਤਾ ਜਾਂਦਾ ਤਾਂ ਇਸ ਮਨੁਖ ਦਾ ਪ੍ਰਮਾਤਮਾਂ ਨਾਲੋਂ ਵਿਛੜ ਕੇ ਭਟਕਦੇ ਫਿਰਨ ਦਾ ਕੋਈ ਭੀ ਕਾਰਨ ਨਹੀਂ ਬਣ ਸਕਦਾ ਸੀ। ਸਿਰਫ ਇਹ ਹਉਮੈ ਹੀ ਇਕ ਐਸਾ ਬੰਧਨ (ਪਰਦਾ) ਹੈ ਜਿਸਦੇ ਮਨੁਖ ਉਪਰ ਪੈ ਜਾਣ ਕਾਰਨ ਮਨੁਖ ਪ੍ਰਮਾਤਮਾਂ ਨੂੰ ਆਪਣੇ ਆਪ ਤੋਂ ਕੋਈ ਵਖਰੀ ਹਸਤੀ ਸਮਝਣ ਲਗ ਜਾਂਦਾ ਹੈ। ਅਤੇ ਫਿਰ ਜਦੋਂ ਮਨੁਖ ਉਪਰ ਹਉਮੈ ਦੇ ਕਾਰਨ ਵਿਛੜੇ ਹੋਏ ਉਪਰ ਇਧਰ ਉਧਰ ਭਟਕਣ ਕਾਰਨ ਅਨੇਕਾਂ ਪ੍ਰਕਾਰ ਦੀਆਂ ਦੁਖ, ਤਕਲੀਫਾਂ, ਕਸ਼ਟ,

www.AKJ.Org

ਚਿੰਤਾ, ਉਦਾਸੀਆਂ ਆਉਂਦੀਆਂ ਹਨ ਤਾਂ ਫਿਰ ਮਨੁਖ ਉਨ੍ਹਾਂ ਨੂੰ ਪ੍ਰਮਾਤਮਾਂ ਵਲੋਂ ਆਈਆਂ ਹੋਈਆਂ (ਭੇਜੀਆਂ ਹੋਈਆਂ) ਸਮਝਦਾ ਹੈ। ਅਤੇ ਉਸ ਪ੍ਰਮਾਤਮਾਂ ਦੀ ਅੰਸ (ਜੋਤ) ਹੁੰਦਾ ਹੋਇਆ ਭੀ ਮਨੁਖ ਹਉਮੈ ਦੇ ਪਰਦੇ ਹੇਠ ਆਕੇ ਅਪਣੇ ਆਪ ਨੂੰ ਇਕ ਦੂਸਰਾ (ਵਖਰਾ) ਰੂਪ ਸਮਝਕੇ ਉਸ ਪ੍ਰਮਾਤਮਾਂ ਦੀ ਕ੍ਰਿਪਾ ਮੇਹਰ ਦਿਆਲਤਾ (ਪ੍ਰਮ ਸੁਖ) ਤੋਂ ਖਾਲੀ ਰਹਿ ਜਾਂਦਾ ਹੈ।

ਸੇਖ ਫ਼ਰੀਦ ਜੀ ਦਸਦੇ ਹਨ ਕਿ—

'ਗਰਬ ਜਿਨ੍ਹਾ ਵਡਿਆਈਆ ਧਨਿ ਜੋਬਨਿ ਆਗਾਹ ॥
ਪਾਣੀ ਚਲੇ ਧਨੀ ਸਿਉ ਟਿਬੇ ਜਿਉ ਮੀਹਾਹੁ ॥

ਜੇ ਕੋਈ ਮਨੁਖ ਆਪਣੇ ਆਪ ਨੂੰ ਉਸ ਪ੍ਰਮਾਤਮਾਂ ਨਾਲੋਂ ਵਖਰੀ ਹਸਤੀ ਸਮਝਦਾ ਹੋਇਆ ਬੜੇ ਗਰਬ (ਹਉਮੈ) ਵਿਚ ਆਕੇ ਧਨ ਅਤੇ ਜਵਾਨੀ ਤੇ ਮਾਣ ਕਰਦਾ ਹੋਇਆ ਦਾਨ ਪੁੰਨ ਕਰਕੇ ਸੰਸਾਰ ਪਾਸੋਂ ਵਡਿਆਈਆਂ ਪਾਉਂਦਾ ਹੈ। ਆਪਣੇ ਆਪ ਨੂੰ ਬੜਾ ਦਾਨੀ, ਭਗਤਿ, ਸੂਰਮਾ ਅਤੇ ਸਾਧੂ ਸਮਝਦਾ ਹੈ। ਅਜੇਹਾ ਮਨੁਖ ਉਸ ਪ੍ਰਮਾਤਮਾਂ (ਅਕਾਲ ਪੁਰਖ) ਦੀ ਕ੍ਰਿਪਾ ਤੋਂ ਇਸ ਤਰ੍ਹਾਂ ਛੂਛਾ (ਖਾਲੀ) ਰਹਿ ਜਾਂਦਾ ਹੈ ਜਿਵੇਂ ਉਚ ਟਿਬੇ ਤੇ ਪਏ ਹੋਏ ਮੂਸਲੇਧਾਰ ਮੀਂਹ ਦਾ ਪਾਣੀ ਭੀ ਉਸ ਪਾਸ ਨਹੀਂ ਰੁਕ ਸਕਦਾ ਸਗੋਂ ਹੇਠ ਆ ਜਾਂਦਾ ਹੈ ਇਸੇ ਤਰ੍ਹਾਂ ਉਸਦੀ (ਮਨੁਖ ਦੀ) ਕੀਤੀ ਹੋਈ ਕਮਾਈ, ਭਗਤੀ, ਘਾਲ, ਵਿਅਰਥ ਚਲੀ ਜਾਂਦੀ ਹੈ। ਜੋ ਉਚੇ ਤੇ ਘਮੰਡੀ ਮਨੁਖ ਦੇ ਦਾਨ ਕਰਨ ਤੇ ਉਸ ਉਪਰ ਮੇਹਰ, ਦਿਆਲਤਾ ਵਰਸਨੀ ਹੁੰਦੀ ਹੈ ਉਸਦੇ ਵੰਡ ਦੀ ਪ੍ਰਮਾਤਮਾਂ ਵਲੋਂ ਮੇਹਰ, ਦਿਆਲਤਾ ਤੇ ਖੁਸ਼ੀਆਂ ਨਿਰਛਲ, ਨੀਵੇਂ, ਨਿਰ-ਅਭਿਮਾਨੀ ਮਨੁਖ ਤੇ ਵਰਸ ਜਾਂਦੀਆਂ ਹਨ। ਇਸੇ ਤਰਾਂ ਹੀ ਸ੍ਰੀ ਗੁਰੂ ਤੇਗ ਬਹਾਦਰ ਜੀ ਭੀ ਦਸਦੇ ਹਨ ਕਿ—

'ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨ ॥
ਨਾਨਕ ਨਿਹਫਲ ਜਾਤ ਤਿਹਿ ਜਿਉ ਕੁੰਚਰ ਇਸਨਾਨ ॥'

ਇਸ ਤਰਾਂ ਜਦੋਂ ਆਪਣੇ ਕਿਸੇ ਸ਼ੁਭ ਗੁਣ ਕੀਤੇ ਹੋਏ ਤੇ ਮਨੁਖ ਹੰਕਾਰ ਕਰਨ ਲਗਦਾ ਹੈ ਤਾਂ ਉ ਦੇ ਸ਼ੁਭ ਗੁਣ (ਜੋ ਕਿਤੇ ਹੋਏ ਹੁੰਦੇ ਹਨ) ਇ ਤਰ੍ਹਾਂ ਨਿਸਫਲ (ਵਿਅਰਥ) ਚਲੇ ਜਾਂਦੇ ਹਨ ਜਿ ਕੁੱਤੇ ਨੇ ਗੰਗਾ ਵਿਚ ਇਸ਼ਨਾਨ ਕੀਤਾ ਜਾਂ ਕੀਤਾ ਇਕ ਬਰਾਬਰ ਹੁੰਦਾ ਹੈ। ਇਸੇ ਤਰਾਂ ਹੰਕਾਰ ਵਿਚ ਆ ਕੇ ਕੀਤੇ ਹੋਏ ਦਾਨ; ਪੁੰਨ, ਸ਼ੁ ਕਰਮ ਨੂੰ ਚੰਗੇ ਪਾਸੇ ਨਹੀਂ ਜੋੜਨਾ ਚਾਹੀਦਾ ਸਗੋਂ ਇਸ ਦਾ ਫਲ ਤਾਂ ਦੁਖ ਤੇ ਭਟਕਣ ਹਉਮੈ ਵਧਾਉਨ ਵਿਚ ਸਹਾਇਕ ਹੁੰਦਾ ਹੈ।

ਇਹ ਦੁਨੀਆਂ ਜੋ ਜੀਵ-ਆਤਮਾਂ (ਪ੍ਰਮਾਤਮਾਂ ਦੀ ਆਪੇ ਚੀ ਖੇਡ ਰਚੀ ਹੋਈ ਹੈ। ਇਹ ਮਨੁਖ ਨੂੰ ਹਉਮੈਂ ਦੇ ਚਕਰ ਵਿਚ ਫਸ ਜਾਣ ਕਾਰਨ ਹ ਭੈੜੀ; ਝਗੜਾਲੂ; ਅਸ਼ਾਂਤ, ਦੁਖ, ਤਕਲੀਫ਼ਾਂ ਦ ਖਾਣ (ਭਰੀ ਹੋਈ) ਨਜ਼ਰ ਆਉਂਦੀ ਹੈ, ਅ ਮਨੁਖ ਹਉਮੈ ਦੀ ਮਸਤੀ ਅੰਦਰ ਹੀ ਪਾਗਲਪਨ (ਬੇਹੋਸ਼) ਪਿਆ ਰਹਿੰਦਾ ਹੈ। ਇਸ ਨੂੰ ਆਪੇ ਦੀ ਕੋਈ ਸੋਝੀ ਨਹੀਂ ਰਹਿੰਦੀ ਅਤੇ ਜੋ ਅਨੇਕਾਂ ਪ੍ਰਕਾਰ ਦੇ ਸੁਖ, ਅਨੰਦ, ਖੁਸ਼ੀ ਭਰੇ ਨਜ਼ਾਰੇ ਮਨੁਖ ਦੇ ਸੁਖ ਲਈ ਜੀਵ-ਆਤਮਾ ਵਿਚੋਂ ਹੀ ਪ੍ਰਮਾਤਮਾਂ ਦੀ ਕ੍ਰਿਪਾ ਦ੍ਰਿਸ਼ਟੀ ਨਾਲ ਪੈਦਾ ਹੁੰਦੇ ਹਨ, ਉਹਨਾਂ ਸਰਬ ਸੁਖਾਂ ਦੀ ਇਹ ਮਨੁਖ ਹਉਮੈ ਦੇ ਚੱਕਰ ਵਿਚ ਪੈਣ ਕਾਰਨ ਹੀ ਸੁਧ ਵਰਤੋਂ ਨਹੀਂ ਕਰ ਸਕਦਾ।

ਜਿਵੇਂ ਸਮੁੰਦਰ (ਸਾਗਰ) ਵਿਚ ਸੂਰਜ ਦੀਆਂ ਕਿਰਨਾਂ ਪੈਂਦੀਆਂ ਹਨ ਅਤੇ ਉਹਨਾਂ ਕਿਰਨਾਂ ਦੀ ਰੋਸ਼ਨੀ (ਲਿਸ਼ਕਾਰੇ) ਦੇ ਵਸ ਹੋ ਕੇ, ਉਸ ਸ਼ਕਤੀ ਦੇ ਹੇਠ ਆਪਣੇ ਆਪ ਦੀ ਸੋਝੀ ਭੁਲ ਕੇ ਤੇ ਆਪਣੇ ਆਪ ਨੂੰ ਉਸ ਨਾਲੋਂ ਨੀਵੀਂ ਗਰੀਬਣੀ, ਨੀਚ ਤੇ ਤੁਛ ਸਮਝ ਕੇ ਸਮੁੰਦਰ ਦੀ ਬੂੰਦ ਉਪਰ ਅਸਮਾਨ ਦੇ ਤੇ ਸੂਰਜ ਦੀਆਂ ਕਿਰਨਾਂ ਦੇ ਨਜ਼ਾਰੇ ਲੈਣ ਲਈ ਸੂਰਜ ਵਲ ਭਾਫ ਬਣ ਕੇ ਉਡ ਜਾਂਦੀ ਹੈ ਪਰ ਉਥੇ ਅਗਨੀ ਹੋਣ ਦੇ ਕਾਰਨ ਦੁਖ, ਤਕਲੀਫ਼, ਕਸ਼ਟ, ਝਲਦੀ ਹੋਈ ਮੁੜ ਸਮੁੰਦਰ (ਸਾਗਰ) ਵਲ ਆਉਣ ਲਈ ਪਹਾੜਾਂ

www.AKJ.Org

ਰੋਂ ਦੀ ਲੰਘਦੀ ਹੋਈ ਮੁੜ ਸਾਗਰ ਵਿਚ ਆ ਨ ਹੁੰਦੀ ਹੈ। ਤਾਂ ਹੀ ਮੁੜ ਉਹ ਪਰਮ ਸੁਖ ਮੁੰਦਰ) ਵਿਚ ਅਭੇਵ ਹੋਕੇ ਪ੍ਰਾਪਤ ਕਰ ਸਕੀ । ਇਸੇ ਤਰ੍ਹਾਂ ਹੀ ਇਹ ਮਨੁਖ ਹਉਮੈ ਦੇ ਚਕਰ ਚ ਪੈ ਕੇ ਉਸ ਪਰਮ ਸੁਖ, ਪਰਮ ਜੋਤਿ, ਮਾਤਮਾਂ ਨਾਲੋਂ ਉਸ ਬੂੰਦ ਵਾਂਗ ਵਿਛੜ ਕੇ ਕਰਾਂ ਖਾਂਦਾ ਅਤੇ ਦੁਖ ਤਕਲੀਫ਼ਾਂ ਝਲਦਾ ਹਿੰਦਾ ਹੈ, ਪਰ ਬੂੰਦਾਂ ਨੂੰ ਤਾਂ ਫਿਰ ਭੀ ਦੁਖ ਕਲੀਫ਼ ਵਿਚ ਪੈਣ ਕਾਰਨ ਆਪੇ ਦਾ ਗਿਆਨ ਣ ਤੇ ਸਾਗਰ (ਸਮੁੰਦਰ) ਨਾਲੋਂ ਵਿਛੜ ਕੇ ਦੁਖ ਾਉਣ ਦਾ ਪਤਾ ਆਪਣੇ ਆਪ ਲਗ ਜਾਂਦਾ ਹੈ ਰ ਇਸ ਮਨੁਖ ਨੂੰ ਇਸ ਅਸਾਧ ਰੋਗ (ਹਉਮੈ) ਵਚ ਪਏ ਨੂੰ ਆਪਾ ਭੁਲ ਜਾਂਦਾ ਹੈ ਅਤੇ ਇਸ ਨੂੰ ਮੁੜ ਭੀ ਸੋਝੀ ਨਹੀਂ ਰਹਿੰਦੀ । ਇਸ ਨੂੰ ਉਤਨਾ ਚਰ ਉਸ ਪ੍ਰਮਾਤਮਾਂ, ਅਕਾਲ ਪੁਰਖ (ਪ੍ਰਮ ਸੁਖ) ਨਾਲੋਂ ਵਿਛੜਣ ਦਾ ਪਤਾ ਨਹੀਂ ਚਲ ਸਕਦਾ। ਜਿਤਨਾ ਚਿਰ ਗੁਰੂ (ਪ੍ਰਮਾਤਮਾਂ) ਅਕਾਲ ਪੁਰਖ ਦੀ ਇਸ ਮਨੁਖ ਉਪਰ ਕ੍ਰਿਪਾ ਦ੍ਰਿਸ਼ਟੀ ਨਾਲ ਮੇਹਰ ਦੀ ਨਜ਼ਰ ਨਾ ਹੋ ਜਾਵੇ ਉਸ ਦੀ ਕ੍ਰਿਪਾ-ਦ੍ਰਿਸ਼ਟੀ ਤੋਂ ਬਗੈਰ ਇਹ ਅਸਾਧ ਰੋਗ ਹਟ ਭੀ ਨਹੀਂ ਸਕਦਾ।

ਇਹ ਹਉਮੈਂ ਰੋਗ ਲਖ ਜਤਨ ਕਰਨ ਦੇ, ਇਧਰ ਉਧਰ ਭਟਕਣ ਤੇ ਹਟਾਇਆ ਨਹੀਂ ਜਾ ਸਕਦਾ। ਸਗੋਂ ਇਧਰ ਉਧਰ ਭਟਕਦੇ ਫਿਰਨ ਨਾਲ ਅਸ਼ਾਂਤੀ ਵਿਚ ਇਸ ਹਉਮੈ ਦਾ ਵਾਧਾ ਹੁੰਦਾ ਹੈ। 'ਤੀਰਥ ਜਾਉ ਤਾ ਹਉ ਹਉ ਕਰਤੇ' ਮਹਾਂਵਾਕ ਭੀ ਹਉਮੈਂ ਵਿਚ ਭਟਕਣ ਤੇ ਇਧਰ ਉਧਰ ਫਿਰਕੇ ਅਸ਼ਾਂਤ ਹੋਣ ਤੇ ਮਨੁਖ ਵਲ ਸੰਕੇਤ ਕਰਦਾ ਹੈ । ਮਨੁਖ ਨੂੰ ਸਮਝਣ, ਪੜ੍ਹਣ, ਵਿਚਾਰਨ ਨਾਲ ਤੇ ਹਉਮੈ ਦਾ ਗਿਆਨ ਪ੍ਰਾਪਤ ਕਰਨ ਤੇ ਹੀ ਇਸ ਮਹਾਂ ਰੋਗ ਤੋਂ ਛੁਟਕਾਰਾ ਨਹੀਂ ਮਿਲ ਜਾਂਦਾ। ਕਿਉਂਕਿ ਗੁਰਬਾਣੀ ਦੇ ਮਹਾਂਵਾਕ ਅਨੁਸਾਰ ਹੁਕਮ ਹੈ ਕਿ—

ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ ॥
ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ ॥
ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ ॥
ਪੜੀਅਹਿ ਜੇਤੀ ਆਰਜਾ ਪੜੀਅਹਿ ਜੇਤੇ ਸਾਸ ॥
ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ ॥

ਸਗੋਂ ਇਸ ਵਿਦਿਆ ਦੇ ਪੜ੍ਹਣ ਨਾਲ ਮਨੁਖ ਦੇ ਮਨ ਨੂੰ ਆਪਣੇ ਆਪ ਮਾਣ, ਹੰਕਾਰ ਹੋ ਜਾਂਦਾ ਹੈ। ਇਸ ਲਈ ਗੁਰੂ ਸਾਹਿਬ ਅਨੇਕ ਜਗ੍ਹਾ ਪ੍ਰਮਾਣਾਂ ਸਹਿਤ ਦਸਦੇ ਹਨ ਕਿ ਇਹ ਮਨ ਤਾਂ ਬਗੈਰ ਨਾਮ ਜਪਣ ਦੇ, ਸਚ ਦੀ ਕਮਾਈ ਕਰਨ ਤੇ ਨਿਰਮਾਣ ਰਹਿਣ ਦੇ ਕਦੀ ਭੀ ਹਉਮੈਂ ਦਾ ਤਿਆਗ ਨਹੀਂ ਕਰ ਸਕਦਾ।

ਇਹ ਹਉਮੈਂ ਦੀ ਬਿਮਾਰੀ ਹਰ ਮਨੁਖ ਨੂੰ ਸੂਖਮ ਜਾਂ ਅਸਥੂਲ ਦੋਨੋਂ ਕਿਸਮਾਂ ਵਿਚ ਕਿਸੇ ਨਾ ਕਿਸੇ ਕਿਸਮ ਦੀ ਜ਼ਰੂਰ ਲਗਦੀ ਹੈ ਪਰ ਇਹ ਮਹਾਂ ਮਾਰੀ (ਬਿਮਾਰੀ, ਰੋਗ) ਹਉਮੈਂ ਵਾਹਿਗੁਰੂ ਦੀ ਮੇਹਰ ਭਰੀ ਨਜ਼ਰ ਨਾਲ ਅਤੇ ਸੰਤਾਂ ਦੇ ਮੇਲ (ਸੰਗਤ) ਕਰਨ ਨਾਲ ਦੂਰ ਹੋ ਜਾਂਦੀ ਹੈ। ਗੁਰੂ ਜੀ ਦਸਦੇ ਹਨ ਕਿ ਮਨੁਖ ਪਰਉਪਕਾਰ, ਪਰਹਿਤ ਅਤੇ ਯਥਾਰਥ ਨੂੰ ਭੁਲ ਕੇ ਆਪਣੇ ਆਪ ਵਿਚ ਗਲਤਾਨ ਹੋਇਆਂ ਜੋ ਭੀ ਕਰਮ (ਕੰਮ) ਕਰਦਾ ਹੈ ਉਹ ਸਵਾਰਥ ਵਸ ਹੋ ਕੇ ਕਰਦਾ ਹੈ ਤੇ ਇਸ (ਮਨੁਖ) ਦੇ ਸਰਬ ਤਰ੍ਹਾਂ ਦੇ ਕਰਮ ਹੀ ਹਉਮੈਂ ਦੀ ਲਪੇਟ ਵਿਚ ਆ ਕੇ ਹੋ ਰਹੇ ਹਨ ਜਿਵੇਂ:—

ਹਉ ਵਿਚਿ ਆਇਆ ਹਉ ਵਿਚਿ ਗਇਆ ॥
ਹਉ ਵਿਚਿ ਜੰਮਿਆ ਹਉ ਵਿਚਿ ਮੁਆ ॥
ਹਉ ਵਿਚਿ ਦਿਤਾ ਹਉ ਵਿਚਿ ਲਇਆ ॥
ਹਉ ਵਿਚਿ ਖਟਿਆ ਹਉ ਵਿਚਿ ਗਇਆ ॥
ਹਉ ਵਿਚਿ ਸਚਿਆਰੁ ਕੂੜਿਆਰੁ ॥
ਹਉ ਵਿਚਿ ਪਾਪ ਪੁੰਨ ਵੀਚਾਰੁ ॥
ਹਉ ਵਿਚਿ ਨਰਕਿ ਸੁਰਗਿ ਅਵਤਾਰੁ ॥
ਹਉ ਵਿਚਿ ਹਸੈ ਹਉ ਵਿਚਿ ਰੋਵੈ ॥
ਹਉ ਵਿਚਿ ਭਰੀਐ ਹਉ ਵਿਚਿ ਧੋਵੈ ॥
ਹਉ ਵਿਚਿ ਜਾਤੀ ਜਿਨਸੀ ਖੋਵੈ ॥
ਹਉ ਵਿਚਿ ਮੂਰਖੁ ਹਉ ਵਿਚਿ ਸਿਆਣਾ ॥
ਮੋਖ ਮੁਕਤਿ ਕੀ ਸਾਰ ਨਾ ਜਾਣਾ ॥
ਹਉ ਵਿਚਿ ਮਾਇਆ ਹਉ ਵਿਚਿ ਛਾਇਆ ॥
ਹਉਮੈ ਕਰਿ ਕਰਿ ਜੰਤ ਉਪਾਇਆ ॥ (ਸਲੋਕ ਮ: ੧)

www.AKJ.Org

ਅਤੇ ਇਸ ਤਰ੍ਹਾਂ ਹਰ ਵਕਤ ਹਉਮੈਂ ਗਲਤਾਨ (ਮਸਤੀ) ਵਿਚ ਰਹਿਣ ਵਾਲਾ ਮਨੁਖ ਹਉਮੈ ਦੇ ਪਰਦੇ ਵਿਚੋਂ ਹੀ ਸੁਖ ਅਨੰਦ, ਖੁਸ਼ੀ ਕਾਮਯਾਬੀ, ਆਦਿ ਭਾਲਦਾ ਰਹਿੰਦਾ ਹੈ, ਪਰ ਉਸ ਨੂੰ (ਮਨੁਖ ਨੂੰ) ਖੁਸ਼ੀ, ਸ਼ਾਂਤੀ; ਕਾਮਯਾਬੀ ਆਦਿ ਭਾਲਦੇ ਹੋਏ ਨੂੰ ਇਨ੍ਹਾਂ ਦੇ ਉਲਟ ਉਸਨੂੰ ਹਉਮੈ ਵਿਚ ਭਟਕਦੇ ਫਿਰਦੇ ਰਹੇ ਨੂੰ ਹੋਰ ਭੀ ਅਨੇਕਾਂ ਦੁਖ, ਤਕਲੀਫ, ਰੋਗ, ਸੰਤਾਪ, ਉਦਾਸੀਆਂ ਚਿੰਤਾਵਾਂ, ਗਮੀਆਂ ਤੇ ਅਸ਼ਾਂਤੀ ਆਦਿ ਆਣ ਕੇ ਚੰਬੜ ਜਾਂਦੀਆਂ ਹਨ। ਹਉਮੈ ਵਿਚ ਹੀ ਮਨੁਖ ਦੇ ਅੰਦਰੋ ਸਤਿ (ਸਚ) ਸੰਤੋਖ ਆਚਰਨ, ਆਦਰਸ਼ ਗੁਣ, ਧਰਮ; ਗਿਆਨ, ਸੁਖ ਸ਼ਾਂਤੀ; ਖੁਸ਼ੀ ਅਤੇ ਅਨੰਦ ਦਾ ਨਾਸ ਹੋ ਜਾਂਦਾ ਹੈ।

ਪਰ ਨਾਲ ਹੀ ਯਾਦ ਰਹੇ ਕਿ ਪੜਾਈ ਪੜ੍ਹਨ; ਸੁਨਣ ਨਾਲ, ਸਮਝਣ ਤੇ ਵਿਚਾਰਨ ਨਾਲ ਹਉਮੈ ਦੀ ਸੋਝੀ ਜ਼ਰੂਰ ਹੋ ਜਾਂਦੀ ਹੈ ਕਿ ਹਉਮੈ ਕੀ ਚੀਜ਼ ਹੈ ? ਕਿਥੋਂ ਪੈਦਾ ਹੁੰਦਾ ਹੈ ਅਤੇ ਇਸ ਹਉਮੈ ਦਾ ਨਾਸ ਕਿਵੇਂ ਕੀਤਾ ਜਾ ਸਕਦਾ ਹੈ। ਇਹ ਪੜਾਈ ਸਾਨੂੰ ਸਿਰਫ ਹਉਮੈਂ ਦਾ ਗਿਆਨ ਕਰਵਾ ਸਕਦੀ ਹੈ ਇਹ ਨਾਸ ਨਹੀਂ ਕਰ ਸਕਦੀ ਹੈ। ਸਚਾ ਗਿਆਨ, ਗੁਰਬਾਣੀ; ਅਧਿਆਤਮਕ ਲੇਖ ਅਤੇ ਸ਼ੁਭ ਵਿਚਾਰ ਪੜ੍ਹਨ ਨਾਲ ਸਾਨੂੰ ਉਸ ਪ੍ਰਮਾਤਮਾਂ (ਅਕਾਲ ਪੁਰਖ) ਨਾਲੋਂ ਵਿਛੜੇ ਪਣ ਮਹਿਸੂਸ ਹੋਣ ਦੇ ਨਾਤੇ ਉਸ ਨਾਲ ਮਿਲਣ ਲਈ ਇਛਾ ਪੈਦਾ ਹੁੰਦੀ ਹੈ। ਅਤੇ ਸਾਡੀ ਇਛਾ ਪ੍ਰਮਾਤਮਾਂ ਨਾਲ ਮਿਲਣ ਲਈ ਜਿਉਂ ੨ ਵਧਦੀ ਹੈ ਤਿਉਂ ਤਿਉਂ ਹੀ ਹਉਮੈ ਰੂਪੀ ਪਰਦਾ ਨਰਮ ਪੈਣਾ ਸ਼ੁਰੂ ਹੋ ਜਾਂਦਾ ਹੈ। ਅਸਲੀ ਤਰਾਂ ਹਉਮੈ ਦਾ ਖਾਤਮਾਂ ਤਾਂ ਗੁਰੂ (ਅਕਾਲ ਪੁਰਖ) ਦੀ ਬਾਣੀ ਨੂੰ ਪੜ੍ਹਣ ਤੇ ਉਸ ਦੇ ਅਮਲੀ ਜਾਮੇ ਵਿਚ ਲਿਆਉਣ ਤੇ ਗੁਰੂ ਦੀ ਮੇਹਰ ਸਦਕਾ ਹੀ ਹੁੰਦਾ ਹੈ। 'ਹਉਮੈ ਬੂਝੇ ਤਾ ਦਰ ਸੂਝੇ' ਜਦੋਂ ਅਸੀਂ ਪ੍ਰੇਮ ਨਾਲ ਗੁਰਬਾਣੀ ਦੇ ਸ਼ਬਦ ਪੜ੍ਹਕੇ ਉਨਾਂ ਵਿਚ ਆਕੇ ਹੁਕਮ ਨੂੰ ਸਿਰ ਮਥੇ ਮੰਨਕੇ ਅਮਲੀ ਜੀਵਨ ਵਿਚ ਲਿਆਂਉਂਦੇ ਹਾਂ ਅਤੇ ਹਉਮੈ ਨੂੰ ਤਿਆਗਣ ਤੇ ਪੂਰਾ ਤੁਲ ਜਾਂਦੇ ਹਾਂ ਤਾਂ ਪ੍ਰਮਾਤਮਾਂ ਭੀ ਮੇਹਰ ਭਰੀ ਕ੍ਰਿਪਾ ਦ੍ਰਿਸ਼ਟੀ ਨਾਲ ਇਸ ਨੂੰ (ਹਉਮੈ ਨੂੰ) ਤਿਆਗਣ ਵਿਚ ਸਾਡੀ ਆਪ ਸਹਾਇਤਾ ਕਰਦਾ ਹੈ ਕਿਉਂਕਿ ਪਹਿਲਾ ਉਦਮ ਚਾਹੀਦਾ ਹੈ (ਨਾਮ ਰੂਪੀ ਖਜ਼ਾਨੇ ਨੂੰ ਪਾਉਣ ਲਈ ਮੈਨੇਜਰ [ਭਗਤ] ਬਣਕੇ ਹੀ ਕੰਮ ਕਰ ਸਕਦਾਹੈ) ਫਿਰ ਪ੍ਰਮਾਤਮਾਂ ਆਪ ਹੀ ਆਪਣੇ ਸੇਵਕਾਂ ਦੇ ਸ਼ੁਭ ਕਰਮਾਂ ਦਾ ਸਹਾਇਕ ਬਣ ਜਾਂਦਾ ਹੈ।

ਜੋ ਮਨੁਖ ਸਚ ਦਾ ਮਾਰਗ, ਧਾਰਮਕ, ਗਿਆਨ ਵਿਚ ਵਾਧੇ ਦੀਆਂ ਪੁਸਤਕਾਂ, ਸੰਤ ਬਚਨ, ਗੁਰੂ ਹੁਕਮ ਅਤੇ ਗੁਰਬਾਣੀ ਆਦਿ ਸਭ ਕੁਝ ਪੜ ਸੁਣ ਕੇ ਵਿਸਾਰ ਦਿੰਦਾ ਹੈ। ਉਸ ਨੇ ਮਨੁਖ ਦੇ ਹਿਰਦੇ ਵਿਚਲੀ ਹਉਮੈ ਰੂਪੀ ਕਣੀ [ਬੂੰਦ] ਦਾ ਕਦੀ ਭੀ ਨਾਸ ਨਹੀਂ ਹੁੰਦਾ ਸਗੋਂ ਵਾਧਾ ਹੀ ਵਧਦਾ ਜਾਂਦਾ ਰਹਿੰਦਾ ਹੈ। ਇਸ ਲਈ ਸਾਨੂੰ ਜੋ ਗੁਰਬਾਣੀ ਵਿਚੋਂ ਗੁਰੂ ਹੁਕਮ ਮਿਲਦਾ ਹੈ ਸਾਨੂੰ ਉਸਨੂੰ ਵਿਚਾਰਨਾ ਅਤੇ ਉਸਤੇ ਅਮਲ ਕਰਨਾ ਚਾਹੀਦਾ ਹੈ। ਫਿਰ ਹੀ ਅਸੀਂ ਹਉਮੈਂ ਦਾ ਨਾਸ ਕਰ ਸਕਦੇ ਹਾਂ ਫਿਰ ਹੀ ਮਨੁਖ ਵਿਚੋਂ ਹਉਮੈਂ ਇਸ ਅੰਦਰ ਨਿਮ੍ਰਤਾ ਆ ਜਾਂਦੀ ਹੈ। ਇਹ ਪੜ੍ਹਦਾ (ਹਉਮੈ) ਜੋ ਜੀਵ ਆਤਮਾਂ ਨੂੰ ਪ੍ਰਮਾਤਮਾ ਨਾਲੋਂ ਸਦਾ ਲਈ ਵਿਛੋੜੀ ਰਖਦਾ ਹੈ। ਉਹ ਪੜ੍ਹਦਾ ਹਮੇਸ਼ਾ ਲਈ ਗੁਰੂ ਦੀ ਕ੍ਰਿਪਾ ਨਾਲ ਟੁਟ ਜਾਂਦਾ ਹੈ ਅਤੇ ਜੀਵ-ਆਤਮਾਂ, ਪ੍ਰਮਾਤਮਾਂ ਵਿਚ ਅਭੇਵ ਹੋ ਕੇ ਪ੍ਰਮਸੁਖ ਪ੍ਰਮ ਨੂੰ ਪ੍ਰਾਪਤ ਹੋ ਜਾਂਦੀ ਹੈ। [ਚਲਦਾ]

www.AKJ.Org

# ਸਿਖ ਧਰਮ ਤੇ ਛੂਤ ਛਾਤ

ਭਾਈ ਜਗਤਾਰ ਸਿੰਘ ਜੀ ਰੇਲਵੇ ਗਾਰਡ ਕੋਟਾ (ਰਾਜਿਸਥਾਨ)

ਭਾਰਤ ਵਿਚ ਛੂਤ ਛਾਤ ਹਿੰਦੂ ਧਰਮ ਦੇ ਵਰਨ ਆਸ਼ਰਮ ਦੀ ਉਪਜ ਹੈ। ਸ਼ਰੇਣੀ-ਵੰਡ ਦਾ ਆਰੰਭ ਤਾਂ ਭਾਵੇਂ ਮਨੁਖ ਦੇ ਚੰਗੇ ਮੰਦੇ ਕਰਮ ਅਨੁਸਾਰ ਸੀ ਪਰ ਛੇਤੀ ਹੀ ਇਹ ਵੰਡ ਨਿਰੋਲ ਜ਼ਾਤ ਭਿੰਨਤਾ ਵਿਚ ਪ੍ਰਵਿਰਤ ਹੋ ਗਈ, ਤੇ ਨੀਚ ਜ਼ਾਤ ਵਿਚ ਪੈਦਾ ਹੋਣ ਵਾਲਾ ਮਨੁਖ ਜਨਮ ਤੋਂ ਲੈਕੇ ਮ੍ਰਿਤੂ ਤਕ ਸ਼ੂਦਰ ਹੀ ਬਣ ਗਿਆ। ਜ਼ਾਤਿ ਭਿੰਨਤਾ ਕਾਰਨ ਮਨੁਖ ਨੂੰ ਮਨੁਖ ਦੁਰਕਾਰਦਾ ਰਿਹਾ। ਨੀਚ ਜਾਤੀਆਂ ਪਾਸੋਂ ਧਾਰਮਿਕ ਤੇ ਵਿਦਿਅਕ ਅਸਥਾਨਾਂ ਤੇ ਪ੍ਰਵੇਸ਼ ਦੇ ਅਧਿਕਾਰ ਖੋਹ ਲੈ ਗਏ ਇਥੋਂ ਤਕ ਕਿ ਜੇ ਗਲਤੀ ਨਾਲ ਵੀ ਕਿਸੇ ਸ਼ੂਦਰ ਦੇ ਕੰਨੀ ਧਾਰਮਿਕ ਗਰੰਥ ਦੀ ਕੋਈ ਗਲ ਪੈ ਜਾਂਦੀ ਸੀ ਤਦ ਉਸ ਪ੍ਰਾਣੀ ਦੇ ਕੰਨਾਂ ਵਿਚ ਸਿੱਕਾ ਢਾਲ ਦਿਤਾ ਜਾਂਦਾ ਸੀ। ਛੂਹਣਾ ਤਾਂ ਇਕ ਪਾਸੇ ਉਚ ਜ਼ਾਤ ਵਾਲੇ ਨੀਚ ਜ਼ਾਤ ਦਾ ਪ੍ਰਛਾਵਾਂ ਲੈਣਾ ਵੀ ਧਰਮ ਵਿਰੁਧ ਸਮਝਦੇ ਸਨ। ਸ਼ੂਦਰਾਂ ਦੇ ਪਾਣੀ ਭਰਨ ਲਈ ਖੂਹ ਤਕ ਵੀ ਅਲੱਗ ਹੀ ਹੁੰਦੇ ਸਨ। ਗੁਰੂ ਨਾਨਕ ਸਾਹਿਬ ਜੀ ਦੇ ਪਰਕਾਸ਼ ਸਮੇਂ ਛੂਤ ਛਾਤ ਦਾ ਇਹ ਵਿਕਾਰ ਪੂਰੇ ਜ਼ੋਰਾਂ ਤੇ ਸੀ। ਗੁਰਦੇਵ ਜੀ ਨੇ ਜਿਥੇ ਮਨੁਖਤਾ ਨੂੰ ਪਖੰਡ ਪੂਜਾ ਤੋਂ ਹੋੜ ਇਕ ਅਕਾਲ ਪੁਰਖ ਦੀ ਉਪਾਸ਼ਨਾ ਦਾ ਸੰਦੇਸ਼ ਦਿਤਾ, ਉਥੇ ਆਪ ਜੀ ਨੇ ਆਪਣੇ ਪਰਚਾਰ ਦਾ ਦੂਸਰਾ ਅੰਗ ਸਮਾਜ-ਸੁਧਾਰ ਬਣਾਇਆ ਤੇ ਇਸ ਜ਼ਾਤਿ ਪਾਤਿ ਦੀ ਕੋਝੀ ਸਮਾਜਿਕ ਵੰਡ ਤੋਂ ਮਨੁਖ ਨੂੰ ਉਚਾ ਕਰਨ ਲਈ 'ਏਕ ਪਿਤਾ ਏਕਸ ਕੇ ਹਮ ਬਾਰਿਕ' ਦਾ ਉਪਦੇਸ਼ ਦਿਤਾ। ਜਿਨ੍ਹਾਂ ਨੀਚਾਂ ਨੂੰ ਇਨਸਾਨ ਹੀ ਨਹੀਂ ਸੀ ਸਮਝਿਆ ਜਾਂਦਾ; ਉਨਾਂ ਨੂੰ ਗੁਰਦੇਵ ਜੀ ਨੇ ਵਡਿਆਈ ਬਖਸ਼ੀ ਤੇ 'ਨਾਨਕ ਤਿੰਨ ਕੇ ਸੰਗ ਸਾਥ ਵਡਿਆ ਸਿਉ ਕਿਆ ਰੀਸ' ਦਾ ਹੋਕਾ ਦੇ ਕੇ ਸਮੇਂ ਦੀਆਂ ਪ੍ਰਚਲਤ ਗਲਤ ਕੀਮਤ ਤੇ ਇਕ ਕਾਰੀ ਚੋਟ ਮਾਰੀ। ਧਰਮ-ਰਿਵਾਜ ਜੋ ਨੀਚ ਜ਼ਾਤੀਆਂ ਲਈ ਸਦੀਆਂ ਤੋਂ ਬੰਦ ਪਏ ਸਨ, ਗੁਰਦੇਵ ਜੀ ਨੇ ਖੋਲ੍ਹ ਦਿਤੇ ਤੇ ਹਰ ਉਸ ਪ੍ਰਾਣੀ ਨੂੰ ਜੋ ਗੁਰਸਿਖੀ ਦਾ ਜਾਚਕ ਜਾਂ ਚਾਹਵਾਨ ਸੀ ਗੁਰਸਿਖੀ ਦਾ ਦਾਨ ਬਖਸ਼ਕੇ ਉਚੀ ਜ਼ਾਤ ਦੀ ਸਮਾਨਤਾ ਬਖਸ਼ ਦਿਤੀ। ਮਿਰਾਸੀ ਜ਼ਾਤ ਦੇ ਭਾਈ ਮਰਦਾਨਾ ਜੀ ਨੂੰ ਸਿਖੀ ਬਖਸ਼ਣੀ ਤੇ ਫੇਰ ਪਰਦੇਸ਼ ਰਟਣ ਵਿਚ ਉਸਨੂੰ ਆਪਣੀ ਚਰਨ ਸ਼ਰਨ ਰਖਣਾ, ਮਲਕ ਭਾਗੋ ਦੀ ਇਛਾ ਵਿਰੁਧ; ਉਸੇ ਦੇ ਹੀ ਸ਼ਹਿਰ ਵਿਖੇ ਗਰੀਬੜੇ ਤੇ ਖਾਤੀ ਜ਼ਾਤ ਦੇ ਭਾਈ ਲਾਲੋ ਜੀ ਨੂੰ ਨਿਵਾਜਨਾਂ, ਇਹ ਉਸ ਵੇਲੇ ਦੇ ਸਮਾਜ ਤੇ ਬਹੁਤ ਵਡੀ ਸਟ ਸੀ।

ਮਨੁਖੀ ਮਨ ਵਿਚ ਸਦੀਆਂ ਤੋਂ ਘਰ ਕਰ ਚੁਕੀਆਂ ਬੁਰਾਈਆਂ ਨੂੰ ਕਢਣ ਵਾਸਤੇ ਗੁਰਦੇਵ ਜੀ ਨੂੰ ਦਸ ਜਾਮੇਂ ਬਦਲ ਕੇ ਇਸ ਪਰਚਾਰ ਨੂੰ ਜਾਰੀ ਰਖਣਾ ਪਿਆ। ਜਦ ਮਨੁਖ ਵਿਚ ਆਤ-ਮਿਕ ਅਥਵਾ ਸਮਾਜਕ ਜਾਗ੍ਰਿਤੀ ਪੂਰਣਤਾ ਤਕ ਪੁਜੀ ਤਦ ਦਸਵੇਂ ਗੁਰ ਨਾਨਕ ਜੀ (ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਨੇ ਇਸ ਜਾਮੇ ਮਨੁਖ ਨੂੰ ਨਿਆਰਾ ਸਰੂਪ 'ਖਾਲਸਾ' ਬਖਸ਼ ਕੇ ਜ਼ਾਤਿ ਪਾਤਿ ਤੋਂ ਅਲੇਪ; ਰੇਖ ਭੇਖ ਤੋਂ ਨਿਆਰੇ ਤੇ ਇਕੋ

www.AKJ.Org

ਅਕਾਲ ਦੇ ਹੀ ਪੁਜਾਰੀ, ਇਕ ਨਵੇਂ ਸਮਾਜ ਦੀ ਨੀਂਹ ਰਖ ਦਿਤੀ। ਇਸ ਸਮਾਜ ਵਿਚ ਪ੍ਰਵੇਸ਼ ਹੋਣ ਲਈ 'ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ' ਹਰ ਦੇਸ ਹਰ ਜ਼ਾਤ; ਹਰ ਕੌਮ, ਹਰ ਰੂਪ ਰੰਗ ਦੇ ਪ੍ਰਾਣੀ ਮਾਤ੍ਰ ਨੂੰ ਇਕੋ ਜਿਹਾ ਅਧਿਕਾਰ ਦਿਤਾ। ਇਸ ਸਮਾਜ ਵਿਚ ਸਮਿਲਤ ਹੋਇਆਂ ਸਭ ਪ੍ਰਾਣੀ ਬਰਾਬਰ ਦੇ ਭਾਈ ਹੋ ਜਾਂਦੇ ਹਨ। ਯਥਾ—

ਸਭੇ ਸਾਂਝੀਵਾਲ ਸਦਾਇਣ ਕੋਇ ਨ ਦਿਸੈ ਬਾਹਰਾ ਜੀਉ।'

ਇਹ ਸੀ ਗੁਰੂ ਸਾਹਿਬ ਦਾ ਛੂਤਛਾਤ ਰਹਿਤ ਸਮਾਜ ਸਾਜਣਾ। ਇਹ ਸਮਾਜ ਨਾ ਕੇਵਲ ਬਾਹਰੀ ਸ਼ਕਲ ਸੂਰਤ ਕਰਕੇ ਹੀ ਸਗੋਂ ਆਤਮਕ ਤੇ ਮਾਨਸਿਕ ਪੱਖ ਤੋਂ ਵੀ ਸੰਸਾਰ ਵਿਚ ਨਿਆਰਾ ਹੋਕੇ ਪਰਗਟ ਹੋਇਆ। ਤੇ ਇਸ ਨਿਆਰੇਪਨ ਨੂੰ ਸਦਾ ਲਈ ਅਮਰ ਕਰਨ ਹਿਤ ਗੁਰਦੇਵ ਜੀ ਨੇ 'ਖਾਲਸਾ' ਵਾਸਤੇ ਨਿਆਰੀ ਰਹਿਤ ਮਰਿਯਾਦਾ ਘੜੀ, ਖਾਲਸਾ ਤਾਂਈਦਿਰੜਾਈ ਤੇ ਸਦਾ ਸਦਾ ਇਸ ਤੇ ਦ੍ਰਿੜ੍ਹਤਾ ਨਾਲ ਕਾਇਮ ਰਹਿਣ ਦਾ ਤਾਕੀਦੀ ਹੁਕਮ ਖਾਲਸੇ ਤਾਈਂ ਕੀਤਾ। ਯਥਾ:—

ਰਹਿਤ ਪਿਆਰੀ ਮੋਹ ਕੋ ਸਿਖ ਪਿਆਰਾ ਨਾਹਿ

ਰਹਿਣੀ ਰਹੇ ਸੋਈ ਸਿਖ ਮੇਰਾ, ਉਹ ਸਾਹਿਬ ਮੈ ਉਸਕਾ ਚੇਰਾ।

ਪਦਾਰਥਵਾਦ ਦੇ ਵਧਦੇ ਪਰਭਾਵ ਹੇਠ ਅਜ ਦੀ ਸਿਖ ਕੌਮ ਵਿਚ ਬਹੁ ਗਿਣਤੀ ਦਸਮੇਸ਼ ਜੀ ਦੀ ਦਰਸਾਈ ਖਾਲਸਾਈ ਰਹਿਤ ਤੋਂ ਬਹੁਤ ਢਿਲੀ ਹੋ ਗਈ ਹੈ। ਵਿਰਲੇ ਹੀ ਹੈਣ ਜੋ ਰਹਿਤ ਬਹਿਤ ਵਿਚ ਪਰਪੱਕ ਰਹਿਣ ਦੇ ਯਤਨ ਵਿਚ ਰਨ। ਤੇ ਇਹ ਵਿਰਲੇ ਵਾਂਙ ਗੁਰਸਿਖ ਆਮ ਸਿਖਾਂ ਨਾਲੋਂ ਵਿਲਖਣ ਭਾਸਦੇ ਹਨ। ਖਾਲਸਾ ਤਾਂ ਅਸਲ ਵਿਚ ਹੈ ਹੀ ਵਿਲਖਣ। ਜਿਥੇ ਸੰਮੂਹ ਖਾਲਸਾ ਕੌਮ ਨੇ ਸੰਸਾਰ ਵਿਚ ਨਿਆਰਾ ਹੋ ਕੇ ਵਿਚਰਨਾ ਸੀ, ਉਥੇ ਰਹਿਤ ਬਹਿਤ ਦੀ ਢਿਲ ਵਧਣ ਕਾਰਨ ਅਜ ਬਹੁ ਗਿਣਤੀ ਸਿਖਾਂ ਨੂੰ ਇਹ ਵਿਰਲੇ ਤਿਆਰ ਬਰ ਤਿਆਰ ਗੁਰਸਿੱਖ ਨਿਆਰੇ ਭਾਸਦੇ ਹਨ। ਫੇਰ ਵੀ ਚੰਗਾ ਹੋਵੇ ਜੀ ਇਨ੍ਹਾਂ ਵਲ ਦੇਖਕੇ ਸਾਨੂੰ ਢਿਲੜਾਂ ਨੂੰ ਰੀਸ ਆਵੇ ਤੇ ਅਸੀਂ ਸਾਰੇ ਨਾਨਕ ਨਾਮ ਲੇਵਾ ਸਿਖ ਆਪਣੇ ਆਪਨੂੰ ਸੰਨੇ ਸੰਨੇ ਪਰਪੱਕਤਾ ਵਲ ਟੋਰੀਏ। ਪਰ ਬਦ-ਕਿਸਮਤੀ ਨਾਲ ਸਾਡੇ ਵਿਚੋਂ ਕੁਝ ਗਿਣਤੀ ਉਲਟੇ ਵਹਿਣ ਵਿਚ ਪੈ ਗਈ ਹੈ। ਆਪਣੇ ਢਿਲਪੁਣੇ ਦਾ ਅਹਿਸਾਸ ਕਰਨ ਦੀ ਥਾਂ, ਜਿਥੇ ਗੁਰਮਤ ਸੁਮਾਰਗ ਤੇ ਚਲਣ ਹਾਰਿਆਂ ਦੀ ਰੀਸ ਕਰਨੀ ਸੀ, ਉਥੇ ਉਨਾਂ ਦੀ ਆਲੋਚਨਾ ਸ਼ੁਰੂ ਕਰ ਦਿਤੀ ਹੈ। ਗੁਰਮਤਿ ਰਹਿਤ ਦਾ ਖੰਡਣ ਤੇ ਗੁਰਸਿਖਾਂ ਨੂੰ ਕੁਰਾਹੀਏ ਕਹਿਣਾ ਸ਼ੁਰੂ ਕਰ ਦਿਤਾ ਹੈ।

ਗੁਰਸਿਖ ਰਹਿਤ ਨੂੰ ਖੰਡਨਹਾਰ ਇਹ ਅਲੋਚਕ ਵੀਰ ਜੋ ਵਡਾ ਇਲਜ਼ਾਮ ਗੁਰਸਿਖਾਂ ਸਿਰ ਧਰਦੇ ਹਨ ਉਹ ਹੈ ਛੂਤ ਛਾਤ ਦਾ। ਇਹ ਆਖਦੇ ਹਨ ਕਿ ਇਹ ਲੋਕ ਛੂਤ ਛਾਤ ਕਰਦੇ ਹਨ ਤੇ ਦੂਸਰਿਆਂ ਤੋਂ ਘਿਰਨਾ ਕਰਦੇ ਹਨ। ਇਥੇ ਇਹਨਾਂ ਵੀਰਾਂ ਨੂੰ ਇਹ ਸਮਝਣ ਦੀ ਲੋੜ ਹੈ ਕਿ ਛੂਤ ਛਾਤ ਜ਼ਾਤੀ ਭਿੰਨਤਾ ਤੋਂ ਉਪਜੀ ਬਿਖੇਪਤਾ ਨੂੰ ਆਖੀਦਾ ਹੈ। ਜਿਸ ਵਿਚ ਇਕ ਜ਼ਾਤ ਦੂਜੀ ਜ਼ਾਤ ਤੋਂ ਨਫ਼ਰਤ ਕਰਦੀ ਹੈ। ਐਸੀ ਗਲ ਗੁਰਸਿਖਾਂ ਵਿਚ ਤਾਂ ਹਰਗਿਜ਼ ਕਿਧਰੇ ਦੇਖਣ ਵਿਚ ਨਹੀਂ ਆਉਂਦੀ। ਸਿਖ ਧਰਮ ਵਿਚ ਅੰਮ੍ਰਿਤ ਛਕਣ ਲਈ, ਕੀਰਤਨ ਸੁਨਣ ਲਈ, ਲੰਗਰ ਛਕਣ ਲਈ ਹਰ ਪ੍ਰਾਣੀ ਮਾਤਰ ਲਈ ਬਰਾਬਰ ਦੇ ਅਧਿਕਾਰ ਹਨ। ਜ਼ਾਤੀ ਘਿਰਨਾ ਤੇ ਛੂਤ ਛਾਤ ਦਾ ਨਾਮ ਤਕ ਗੁਰਸਿਖਾਂ ਵਿਚ ਨਹੀਂ। ਹਾਂ ਗੁਰਸਿਖਾਂ ਵਿਚ ਗੁਰਮਤਿ ਰਹਿਤ ਅਨੁਸਾਰ ਖਾਣ ਪੀਣ ਤੇ ਪਾਬੰਦੀਆਂ ਜ਼ਰੂਰ ਹਨ। ਜਿਵੇਂ ਕਿ ਤਮਾਕੂ ਨਹੀਂ ਵਰਤਣਾ, ਨਸ਼ੇ ਨਹੀਂ ਵਰਤਣੇ, ਬੇਅੰਮ੍ਰਿਤੀਏ ਦਾ ਜੂਠਾ ਨਹੀਂ ਛਕਣਾ। ਜੇਕਰ ਕੋਈ ਗੁਰਸਿਖ ਆਪਣੇ ਆਪ ਉਤੇ ਦਸਮੇਸ਼ ਜੀ ਦੀ ਦਰਸਾਈ ਰਹਿਤ ਅਨੁਸਾਰ ਖਾਣ ਪੀਣ ਦੀਆਂ ਪਾਬੰਦੀਆਂ ਆਦਿ ਕਰਦਾ ਹੈ ਤਾਂ ਇਹ ਜ਼ਾਤੀ ਭਿੰਨਤਾ ਵਾਲੀ ਛੂਤ ਛਾਤ ਨਹੀਂ ਕਹੀ ਜਾ ਸਕਦੀ, ਬਲਕਿ ਆਪਣੇ ਆਪ ਨੂੰ ਸੰਜਮ ਵਿਚ ਰਖਣ ਤੇ ਗੁਰਮਤ ਤੇ ਚਲਣ ਦਾ ਯਤਨ ਕਿਹਾ ਜਾ ਸਕਦਾ ਹੈ। ਜੇ ਕੋਈ ਗੁਰਸਿਖ

www.AKJ.Org

ਧੂਮਰਪਾਨ ਕਰਨ ਵਾਲੇ ਦੇ ਹੱਥ ਦਾ ਪਕਿਆ ਭੋਜਨ ਨਹੀਂ ਛਕਦਾ ਤਾਂ ਕੇਵਲ ਇਸ ਲਈ ਕਿ ਤੰਬਾਕੂ ਇਕ ਐਸੀ ਵਸਤੂ ਹੈ ਜਿਸਦਾ ਅਸਰ ਤੇ ਬਦਬੂ ਸਦਾ ਸੇਵਨ ਕਰਨ ਵਾਲੇ ਦੇ ਹੱਥਾਂ ਤੇ ਮੂੰਹ ਵਿਚ ਰਹਿੰਦੀ ਹੈ, ਤਾਂ ਤੇ ਨਿਰੋਲ ਇਸ ਬਿਖ ਤੋਂ ਬਚਣ ਦਾ ਹੀ ਯਤਨ ਹੈ, ਕਿਸੇ ਪ੍ਰਾਣੀ ਨਾਲ ਕੋਈ ਵਿਤਕਰਾ ਨਹੀਂ। ਏਸੇ ਤਰ੍ਹਾਂ ਕਈ ਗੁਰਸਿਖ ਵੀਰ ਬੇਅੰਮ੍ਰਿਤੀਏ ਦੇ ਹਥ ਦਾ ਭੋਜਨ ਨਹੀਂ ਛਕਦੇ। ਰਹਿਤ ਮਰਯਾਦਾ ਅਨੁਸਾਰ ਅੰਮ੍ਰਿਤਧਾਰੀ ਲਈ ਬੇਅੰਮ੍ਰਿਤੀਏ ਦਾ ਜੂਠਾ ਖਾਣਾ ਵਿਵਰਜਤ ਹੈ। ਇਹ ਅਸੂਲ ਕਿਉਂਕਿ ਅੰਮ੍ਰਿਤਧਾਰੀਆਂ ਦਾ ਹੀ ਹੈ ਤੇ ਬੇਅੰਮ੍ਰਿਤੀਆਂ ਨੂੰ ਇਸ ਨਾਲ ਕੋਈ ਵਾਸਤਾ ਨਹੀਂ। ਇਸ ਲਈ ਬੇਅੰਮ੍ਰਿਤੀਏ ਕੋਲੋਂ ਪੂਰਨ ਸੁਚੱਜਤਾ ਦੀ ਆਸ ਨਹੀਂ ਰਖੀ ਜਾ ਸਕਦੀ। ਸੁਚਤਾ ਉਸ ਲਈ ਇਕ ਅਣਲੋੜੀਂਦੀ ਗਲ ਹੈ ਜਿਸ ਕਰਕੇ ਉਸਨੂੰ ਇਸ ਦੀ ਆਦਤ ਪੈ ਨਹੀਂ ਸਕਦੀ। ਤਦ ਤਾਂ ਅੰਮ੍ਰਿਤਧਾਰੀ ਵੀਰਾਂ ਦਾ ਬੇਅੰਮ੍ਰਿਤੀਏ ਦੇ ਹਥ ਦਾ ਭੋਜਨ ਨਾ ਖਾਣਾ ਇਕ ਵਾਜਬ ਗਲ ਹੈ ਤੇ ਕਿਸੇ ਤਰ੍ਹਾਂ ਵੀ ਇਸ ਨੂੰ ਛੂਤ ਛਾਤ ਨਹੀਂ ਗਰਦਾਨ ਸਕੀਦਾ।

ਸਿਖ ਧਰਮ ਇਕ ਅਧਿਆਤਮਕ ਪੰਥ ਹੈ। ਜਿਵੇਂ ਹਰ ਪ੍ਰਾਣੀ ਨੂੰ ਅਧਿਕਾਰ ਹੈ ਕਿ ਉਹ ਆਪਣੀ ਸ੍ਰੀਰਕ ਸੇਹਤ ਬਣੀ ਰਖਣ ਲਈ ਜੋ ਚੀਜ਼ਾਂ ਉਸ ਨੂੰ ਮੁਆਫਕ ਆਂਵਦੀਆਂ ਹਨ ਉਹ ਖਾ ਸਕਦਾ ਹੈ, ਤਾਂ ਜੇ ਅਧਿਆਤਮਕ ਪਾਂਧੀ ਆਪਣੇ ਮਾਨਸਿਕ ਤੇ ਆਤਮਿਕ ਵਿਕਾਸ਼ ਲਈ ਆਪਣੇ ਮੁਆਫ਼ਕ ਦੀਆਂ ਹੀ ਚੀਜ਼ਾਂ ਸੇਵਨ ਕਰਦਾ ਹੈ ਕੇਵਲ ਰਹਿਤ ਮਰਯਾਦਾ ਤੇ ਚਲਣ ਹਿਤ ਤੇ 'ਹੋਰ ਖਾਣਾ ਖੁਸੀ ਖੁਆਰ' ਦੇ ਮਹਾਂਵਾਕ ਨੂੰ ਆਪਣੇ ਜੀਵਨ ਵਿਚ ਢਾਲਣ ਹਿਤ ਆਪਣੇ ਆਪ ਤੇ ਖਾਣ ਪਾਣ ਦੀਆਂ ਪਾਬੰਦੀਆਂ ਲਾਵੰਦਾ ਹੈ ਤਾਂ ਇਸ ਨੂੰ ਨਿੰਦਣਾ ਨਿਰੀ ਮੂਰਖਤਾ ਹੈ ਤੇ ਛੂਤ ਛਾਤ ਆਖਣਾ ਨਿਰਾ ਕੁਫ਼ਰ।

ਛੂਤ ਛਾਤ ਦਾ ਇਲਜ਼ਾਮ ਲਾਣ ਵਾਲੇ ਵੀਰ ਗੁਰਬਾਣੀ ਦੀਆਂ ਤੁਕਾਂ 'ਸਭੇ ਸਾਂਝੀਵਾਲ ਸਦਾਇਣ' 'ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ' 'ਏਕ ਪਿਤਾ ਏਕਸ ਕੇ ਹਮ ਬਾਰਿਕ' ਆਦਿ ਦਾ ਹਵਾਲਾ ਦੇ ਕੇ ਕਿਹਾ ਕਰਦੇ ਹਨ ਕਿ ਗੁਰੂ ਸਾਹਿਬ ਨੇ ਤਾਂ ਹਰ ਪ੍ਰਾਣੀ ਨੂੰ ਸਮਾਨਤਾ ਬਖਸ਼ੀ ਹੈ ਤੇ ਇਹ ਅੰਮ੍ਰਿਤਧਾਰੀ ਆਪਣੇ ਆਪ ਨੂੰ ਅਲੱਗ ਕੁਛ ਬਣਾਈ ਫਿਰਦੇ ਹਨ। ਜੇ ਇਹਨਾਂ ਵੀਰਾਂ ਦੇ ਬਣਾਏ ਗੁਰਬਾਣੀ ਦੇ ਅਰਥਾਂ ਮੁਤਾਬਿਕ ਹੀ ਸੋਚੀਏ ਤੇ ਸਮਝ ਲਈਏ ਕਿ ਸੰਸਾਰ ਦੇ ਸਭ ਪ੍ਰਾਣੀ ਇਕੋ ਹੀ ਜਿਹੇ ਹਨ ਤਾਂ ਦਸਮੇਸ਼ ਜੀ ਦਾ 'ਖਾਲਸਾ' ਸਾਜਨਾ ਤਾਂ ਇਕ ਬੇਅਰਥ ਗਲ ਹੋਈ। 'ਖਾਲਸਾ' ਤੇ ਅਣ-ਖਾਲਸਾ ਇਕੋ ਜਿਹੇ ਹੋਏ। 'ਖਾਲਸਾ' ਦੇ ਸਿਰਜਣਹਾਰ ਜੀ ਤਾਂ ਫੁਰਮਾਉਂਦੇ ਹਨ 'ਧਰੇ ਕੇਸ ਪਾਹੁਲ ਬਿਨ ਭੇਖੀ ਮੂਰਖ ਸਿਖ' ਭਾਵ ਉਹ ਸਿਖ ਭੀ ਭਾਵੇਂ ਹੋਵੇ ਜੇ ਅੰਮ੍ਰਿਤਧਾਰੀ ਨਹੀਂ ਤਾਂ ਭੇਖੀ ਹੈ। ਪਰ ਇਹ ਵੀਰ ਕਹਿੰਦੇ ਹਨ ਖਾਲਸਾ ਤੇ ਸੰਸਾਰ ਦੇ ਬਾਕੀ ਮਨੁਖ ਇਕੋ ਚੀਜ਼ ਹਨ। ਜੇ ਇਹਨਾਂ ਦੀ ਗੱਲ ਸਚੀ ਹੈ ਤਾਂ ਕੀ ਕੇਸ ਰਖਣ ਤੇ ਕਟਾਵਣ ਵਿਚ ਕੋਈ ਫ਼ਰਕ ਨਹੀਂ। ਤੰਮਾਕੂ ਵਰਤਣ ਤੇ ਨਾ ਵਰਤਣ ਵਿਚ ਕੋਈ ਫ਼ਰਕ ਨਹੀਂ ? ਜੇ ਫ਼ਰਕ ਨਹੀਂ ਤਾਂ ਤੇ ਖਾਲਸਾ ਸ਼ਬਦ ਦਾ ਵੀ ਕੋਈ ਅਰਥ ਨਾ ਹੋਇਆ, ਤਾਂ ਤੇ ਗੁਰੂ ਸਾਹਿਬਾਨ ਦੇ ਅਸੂਲ ਹੀ ਕੋਈ ਨਹੀਂ ਬਣੇ ਹੋਏ ਤੇ ਮਨੁਖ ਨੂੰ ਬੇਮੁਹਾਰਾ ਤੇ ਬੇਲਗਾਮ ਕਰ ਦਿਤਾ ਹੋਇਆ ਹੈ ਕੈਸੀ ਗਲਤ ਦਲੀਲ ਹੈ ਇਸ ਪਾਸੇ ਸੋਚਣ ਵਾਲਿਆਂ ਦੀ।

ਯਾਦ ਰਹੇ ਗੁਰੂ ਸਾਹਿਬ ਨੇ ਜ਼ਾਤ ਵੰਡ ਤੋਂ ਉਪਜੀ ਘਿਰਣਾ ਤੇ ਭਿੰਨਤਾ ਨੂੰ ਤੋੜਨ ਹਿਤ, ਗਲਤ ਸਮਾਜਕ ਅਸੂਲਾਂ ਨੂੰ ਤੋੜਨ ਹਿਤ ਤੇ ਸਭਸ ਨੂੰ ਬਰਾਬਰ ਦੇ ਧਾਰਮਿਕ ਤੇ ਸਮਾਜਿਕ ਅਧਿਕਾਰ ਬਖਸ਼ਣ ਹਿੱਤ ਪਰਚਾਰ ਕੀਤਾ ਹੈ, ਪਰ ਇਹ ਨਹੀਂ ਕਿ ਅਗੋਂ ਆਪ ਜੀ ਨੇ ਮਨੁਖ ਨੂੰ ਬੇਅਸੂਲਾ ਕਰ ਦਿਤਾ ਹੈ। ਸਗੋਂ ਆਪ ਜੀ ਨੇ ਅਗੋਂ ਮਨੁਖ ਨੂੰ *

www.AKJ.Org

# * ਸਾਡੇ ਪ੍ਰਚਾਰਕ ਤੇ ਨਿਰਬਾਣ ਕੀਰਤਨੀਏ *

( ਵਲੋਂ—ਸ: ਮਨਜੀਤ ਸਿੰਘ ਜੀ ਰਾਵਤ ਭਾਟਾ, ਕੋਟਾ )

ਪ੍ਰਚਾਰਕ ਜੀ ਕੀਰਤਨ ਕਰ ਰਹੇ ਸਨ, ਸੰਗਤ ਬੜੀ ਸ਼ਰਧਾ ਤੇ ਅਨੰਦ ਨਾਲ ਮਗਨ ਬੈਠੀ ਸੁਣ ਰਹੀ ਸੀ—

ਸਾਡੇ ਗੁਰਾਂ ਨੇ ਜੀ ਬਾਣ ਮਾਰਿਆ ।
ਉਹ ਤਾਂ–ਕਰ ਗਿਆ ਕਲੇਜੇ ਵਿੱਚ ਛੇਕ ।

ਪਰ ਇੱਕ ਦਮ ਸਭ ਦੀ ਬਿਰਤੀ ਟੁੱਟੀ ਗਈ, ਢੋਲਕੀ ਵੱਜਣੀ ਬੰਦ ਹੋ ਗਈ ਤੇ ਪ੍ਰਚਾਰਕ ਸਾਹਿਬ ਅਲਾਪ ਕਰਨ ਲੱਗੇ:—

ਕਬੀਰ ਸਤਿਗੁਰ ਸੂਰਮੇ, ਬਾਹਿਆ ਬਾਨੁ ਜੁ ਏਕ ॥
ਲਾਗਤ ਹੀ ਭੁਇ ਗਿਰਿ ਪਰਿਆ, ਪਰਾ ਕਰੇਜੇ ਛੇਕੁ ॥

ਜਾਣੋਂ 'ਕਬੀਰ' ਸਾਹਿਬ ਦਾ ਨਾਮ ਹੀ ਸਭਦੇ ਕੰਨਾਂ 'ਚ ਬਾਣ ਵਾਂਗ ਲੱਗਿਆ ਹੋਵੇ । ਆਖਰ ਜ਼ਮਾਨਾ ਜੋ ਮਾਡਰਨ ਹੋਇਆ, ਪ੍ਰਚਾਰਕ ਭੀ ਮਾਡਰਨ, ਫਿਰ ਕਬੀਰ ਸਾਹਿਬ ਦਾ ਨਾਮ ਕਿਸ ਤਰ੍ਹਾਂ ਕਿਸੇ ਨੂੰ ਭਾਉਂਦਾ, ਖੈਰ ਅਲਾਪ ਖਤਮ ਹੋਇਆ, ਤੇ ਫਿਰ ਉਹੋ ਧੁਨੀ ਦੁਬਾਰਾ ਲੱਗ ਗਈ—

ਸਾਡੇ ਗੁਰਾਂ ਨੇ ਜੀ ਬਾਣ ਮਾਰਿਆ ।

ਇਸ ਵਾਰ ਸੰਗਤ ਭੀ ਜੋਸ਼ ਨਾਲ ਪੜ੍ਹ ਰਹੀ ਸੀ, ਸ਼ਾਇਦ ਪ੍ਰਚਾਰਕ ਸਾਹਿਬ ਦੀ ਹੌਂਸਲਾ ਅਫਜ਼ਾਈ ਵਿੱਚ, ਕਿ ਉਨ੍ਹਾਂ ਨੇ ਕਬੀਰ ਸਾਹਿਬ ਦੇ ਸਲੋਕ ਦਾ ਮਾਡਰਨ ਢੰਗ ਵਿਚ ਕਿਤਨਾ ਅਛਾ ਨਮੂਨਾ ਪੇਸ਼ ਕੀਤਾ ਹੈ। ਮਾਇਆ ਦੀ ਵਰਖਾ ਹੋਣ ਲੱਗੀ ਤੇ ਪ੍ਰਚਾਰਕ ਸਾਹਿਬ ਨੇ ਨਾਮ ਦਾਨ ਵੰਡਨਾ ਸ਼ੁਰੂ ਕਰ ਦਿੱਤਾ, ਪ੍ਰਧਾਨ ਸਾਹਿਬ ਨੂੰ ਜ਼ਿਆਦਾ ਨਾਮ ਦਾਨ ਬਖਸ਼ਿਆ ਕਿਉਂਕਿ ਉਨ੍ਹਾਂ ਨੇ ਪੰਜ ਰੁਪੈ (ਮਾਡਰਨ) ਬਾਣੀ ਦੇ ਅਦਬ ਸਤਕਾਰ 'ਚ ਪੇਸ਼ ਕੀਤੇ ਸਨ।

ਇਕ ਹੋਰ ਮਿਸਾਲ—

ਵਿਸਾਖੀ ਦਾ ਗੁਰਪੁਰਬ ਹੈ ਰਾਗੀ ਸਿੰਘ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰ ਰਹੇ ਹਨ, ਤੇ ਆਮ ਤੌਰ ਵਾਂਗ ਮਾਇਆ ਦੇ ਅਰਦਾਸੇ ਹੋ ਰਹੇ ਸਨ ਪਰ ਇਕ ਦਮੜਾ ਬਹੁਤ ਢੁਕਵੇਂ ਸਮੇਂ ਪੁਜਾ। ਰਾਗੀ ਸਿੰਘ ਤੁਕ ਪੜ੍ਹ ਰਹੇ ਸਨ, ਧੰਨ ਜੀਓ ਤਿਹ ਕੋ ਜਗ ਮੈ ਮੁਖ ਤੇ ਹਰਿ, ਚਿੱਤ ਮੈ।......(ਦਮੜਾ ਪੁਜਿਆ) ਇਕ ਦਮੜਾ ਗੁਰੂ ਸਵਾਰੇ, ਸਰਦਾਰ ਸਾਹਿਬ, ਕੀ ਨਾਂ ਹੈ ਜੀ? ਹਾਂ ......ਸਿੰਘ ਸਾਹਿਬ ਗੁਰਬਾਣੀ ਦਾ ਅਦਬ ਸਤਕਾਰ ਕਰਦੇ ਹੋਏ...... ਆਦਿ......। ਕਹਿੰਦੇ ਹਨ, ਜਾਦੂ ਉਹ ਜੋ ਸਿਰ ਚੜ੍ਹ

---

***ਨਵੇਂ, ਸੁਚੱਜੇ ਤੇ ਨਰੋਏ ਜੀਵਨ ਦਾ ਰਾਹ ਦਿਖਾਇਆ ਹੈ। ਇਸ ਨਵੇਂ ਗੁਰੂ ਦਰਸਾਏ ਗਾਡੀ ਰਾਹ ਤੇ ਚਲਣਹਾਰੇ ਗੁਰਸਿਖਾਂ ਵਿਚ ਤੇ ਦੁਨੀਆਂ-ਦਾਰ ਕੁਰਾਹੇ ਚਲਦੇ ਮਨੁਖਾਂ ਵਿਚ ਜੋ ਭਿੰਣਤਾ ਹੈ ਤਾਂ ਇਹ ਸੁਭਾਵਿਕ ਗਲ ਹੈ। ਇਸ ਸੁਭਾਵਿਕ ਭਿੰਨਤਾ ਨੂੰ ਛੂਤ ਛਾਤ ਆਖਣਾ ਇਕ ਕੋਝੀ ਟੀਕਾ ਟਿਪਣੀ ਹੈ। ਉਪਰੋਕਤ ਗੁਰਬਾਣੀ ਦੀਆਂ ਤੁਕਾਂ ਦਾ ਸਹੀ ਭਾਵ ਜੋ ਹੈ ਉਹ ਇਹ ਹੈ ਕਿ ਗੁਰੂ ਸਾਹਿਬ ਦੀ ਸਿਖੀ ਪ੍ਰਾਪਤ ਕਰਨ ਲਈ ਤੇ ਖਾਲਸਾ ਸਜਣ ਲਈ ਗੁਰੂ ਸਾਹਿਬਾਨ ਨੇ ਹਰ ਪ੍ਰਾਣੀ ਨੂੰ ਬਿਨਾਂ ਕਿਸੇ ਵਿਤਕਰੇ ਦੇ ਬਰਾਬਰ ਦੇ ਅਧਿਕਾਰੀ ਬਨਾਇਆ ਹੈ ਤੇ ਇਸ ਸਮਾਜ ਵਿਚ ਪ੍ਰਵੇਸ਼ ਹੋਇਆਂ ਆਪਣਾ ਪਹਿਲਾ ਜਨਮ ਖਤਮ ਕਰਕੇ 'ਸਤਿਗੁਰ ਕੇ ਜਨਮੇ ਗਵਣ ਮਿਟਾਇਆ' ਹਰ ਪ੍ਰਾਣੀ ਦੂਜਿਆਂ ਨਾਲ ਸਮਾਨਤਾ ਸਹਿਤ ਸਾਂਝੀਵਾਲ ਤੇ ਭਾਈਵਾਲ ਹੋ ਜਾਂਦਾ ਹੈ।**

**ਸਤਿਗੁਰੂ ਮੇਹਰ ਕਰਨ ਅਸੀਂ ਆਪਣੀ ਰੁਚੀ ਨੂੰ ਗਲਤ ਅਲੋਚਨਾ ਵਲੋਂ ਹੋੜ ਸਕੀਏ, ਖੁਦ ਗੁਰਮਤ ਅਸੂਲਾਂ ਦੇ ਧਾਰਨੀ ਹੋਈਏ ਖੰਡਨ ਕਰੀਏ ਮਨਮਤਿ ਦਾ, ਨਾਕਿ ਗੁਰਮਤਿ ਦਾ।**

www.AKJ.Org

ਬੋਲੇ ਵਾਕਈ ਦਮੜਾ ਰਾਗੀ ਸਾਹਿਬ ਦੇ ਵਿਚਾਰਾਂ ਮਾਫਕ ਅਤੇ ਉਹਨਾਂ ਦੇ 'ਚਿੱਤ' ਦੀ ਅਵਸਥਾ ਅਨਸਾਰ ਪੇਸ਼ ਹੋਇਆ, ਤੇ ਦਮੜੇ ਨੂੰ ਦੇਖਕੇ ਰਾਗੀ ਸਿੰਘ ਗੁਰਬਾਣੀ ਦਾ ਅਦਬ ਸਤਿਕਾਰ ਭੁਲ ਭੁਲਾਕੇ ਅਰਦਾਸਾ ਸੋਧਣ ਲੱਗ ਪਏ। ਇਥੇ ਹੀ ਬਸ ਨਹੀਂ ਅਗਲੀਆਂ ਪੰਗਤੀਆਂ ਵਿੱਚ ਗਿਆਨਹਿ ਕੀ ਬਢਨੀ' ਦੀ ਬਜਾਏ 'ਗਿਆਨੀ ਕੀ ਬਢਨੀ ਦਾ ਹੀ ਉਚਾਰਣ ਹੋ ਰਿਹਾ ਸੀ। ਪਰ ਸੰਗਤਾਂ ਨੂੰ ਉਚਾਰਨ ਦੀ ਕੀ ਚਿੰਤਾ ਸੀ, ਉਹ ਤਾਂ ਫ਼ਿਲਮੀ ਤਰਜ਼ ਜਿਸ ਤੇ ਕਿ ਸ਼ਬਦ ਪੜਿਆ ਜਾ ਰਿਹਾ ਸੀ ਵਿੱਚ ਹੀ ਮਸਤ ਨਜਰ ਆ ਰਹੀਆਂ ਸਨ। ਜੇ ਕਿਸੇ ਇਕ ਅੱਧੇ ਗੁਰਮੁਖ ਨੇ ਨੋਟ ਭੀ ਕੀਤਾ, ਤਾਂ ਬਹੁ ਸੰਮਤੀ ਦਾ ਖਿਆਲ ਕਰਕੇ ਚੁਪ ਰਿਹਾ ਕਿਉਂਕਿ ਰਾਗੀ ਸਾਹਿਬ ਬਾਰੇ ਸੰਗਤ ਕਾਫ਼ੀ ਪ੍ਰਸੰਸਾ ਮਈ ਨਜ਼ਰ ਆ ਰਹੀ ਸੀ, ਬਹੁਤ ਦੂਰ ਤੋਂ ਜੁ ਆਏ ਸਨ।

ਇਕ ਹੋਰ ਮਿਸਾਲ—

ਇਕ ਖਾਸ ਜੱਥੇ ਨੂੰ ਗੁਰਪੁਰਬ ਵਾਸਤੇ ਬੁਕ ਕਰਨ ਲਈ ਕਾਫੀ ਦੇਰ ਤੋਂ ਚਿੱਠੀ ਚਪੱਠੀ ਚਲ ਰਹੀ ਸੀ ਕਿਉਂਕਿ ਭੇਟਾ ਦਾ ਫੈਸਲਾ ਨਹੀਂ ਸੀ ਹੋ ਰਿਹਾ। ਰਾਗੀ ਜੱਥੇ ਦਾ ਪ੍ਰਸਤਾਵ ਸੀ ਕਿ ਕਿਉਂਕਿ ਸਾਲ ਵਿੱਚ ਇਹ ਦੋ ਤਿੰਨ ਵੱਡੇ ਗੁਰਪੁਰਬ ਕੱਠੇ ਹੀ ਆਉਂਦੇ ਹਨ ਅਤੇ ਇਹੀ ਇਨ੍ਹਾਂ ਦੀ ਕਮਾਈ ਦਾ Season ਹੁੰਦਾ ਹੈ, ਸੋ ਉਹ ਰਿਆਇਤ ਕਿਉਂ ਕਰਨ। ਖੈਰ ਫੈਸਲਾ ਹੋਇਆ ਤੇ ਜੱਥਾ ਆ ਗਿਆ। ਪ੍ਰੋਗਰਾਮ ਦੇ ਦੌਰਾਨ ਛੋਟਿਆਂ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਸਾਕਾ ਸੁਣਾਇਆ ਜਾਣ ਲੱਗਾ। ਸਚ ਮੁਚ ਇਸ ਬੇ ਮਿਸਾਲ ਸ਼ਹੀਦੀ, ਜੋ ਸੰਸਾਰ ਭਰ ਦੇ ਇਤਿਹਾਸ ਵਿੱਚ ਅਪਣੀ ਮਿਸਾਲ ਆਪ ਹੀ ਹੈ, ਨੂੰ ਸੁਣ ਕੇ ਹਰ ਦਿਲ ਦ੍ਰਵ ਗਿਆ ਸੀ। ਸਾਕਾ ਜ਼ਬਾਨੀ ਸੁਨਾਣ ਪ੍ਰਿੱਛੋਂ ਜੱਥੇਦਾਰ ਜੀ ਨੇ ਅਪਣੇ ਸਾਥੀ ਨੂੰ ਸੰਬੋਧਨ ਕੀਤਾ, ਲੇ ਭਈ ......ਸਿੰਘਾ, ਸੁਣਾ ਫੇਰ ਕਵੀ ਨੇ ਕੀ ਬਿਆਨ ਕੀਤਾ ਹੈ।

ਸਾਜ਼ ਵਜਣੇ ਸ਼ੁਰੂ ਹੋ ਗਏ ਤੇ ਆਵਾਜ਼ ਆਈ—

'ਅੱਧੀ ਰਾਤੀ ਮਾਂ ਗੁਜਰੀ, ਲੋਰੀਆਂ ਚੰਨਾਂ ਦੀਆਂ ਗਾਵੇ।'

ਸਾਰੰਗੀ ਦੀ ਚੂੰ ਚੂੰ ਨੇ ਹਿਚਕੀਆਂ ਵਰਗੀ ਅਵਾਜ਼ ਭੀ ਕਢਣੀ ਆਰੰਭ ਦਿੱਤੀ ਤੇ ਨਾਲ ਹੀ ਦਮੜਿਆਂ ਦੀ ਕਿਣ-ਮਿਣ।

ਹੱਦ ਹੀ ਹੋ ਗਈ ਹੈ, ਸਾਡੇ ਪ੍ਰਚਾਰਕਾਂ ਤੇ ਸਾਡੇ ਸਰੋਤਿਆਂ ਦੀ। ਕੀ ਮਾਤਾ ਗੁਜਰੀ ਜੀ ਦੀ ਸ਼ਖ਼ਸੀਅਤ ਲੋਰੀਆਂ ਗਾਣ ਤੱਕ ਹੀ ਮਹਿਦੂਦ ਸੀ? ਕੀ ਉਹਨਾਂ ਨੇ ਗੁਰਬਾਣੀ ਕੰਠ ਕਰਨ ਦੀ ਥਾਂ ਲੋਰੀਆਂ ਹੀ ਸਿਖੀਆਂ ਸਨ? ਕੀ ਮਾਤਾ ਗੁਜਰੀ ਜੀ ਜੀ ਨੂੰ ਅਜੇ ਭੀ ਭੁਲੇਖਾ ਸੀ ਕਿ ਗੁਰੂ ਘਰ ਦੀ ਪ੍ਰਥਾ ਹੀ ਇਹ ਹੈ ਕਿ—'ਇਤੁ ਮਾਰਗਿ ਪੈਰ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥' ਜੇ ੭ ਤੇ ੯ ਸਾਲ ਦੇ ਸਾਹਿਬਜ਼ਾਦੇ ਕਾਰੀਗਰ ਨੂੰ ਇੱਟ ਛਿਲਣ ਦੀ ਥਾਂ ਗੋਡੇ ਹੀ ਛਿੱਲਣ ਵਾਸਤੇ ਆਖ ਸਕਦੇ ਹਨ, ਤਾਂ ਕੀ ਮਾਤਾ ਗੁਜਰੀ ਜੀ ਨੇ ਜੁਦਾਈ ਦੇ ਦੁਖੜੇ ਨੂੰ ਹੀ ਅਸਹਿ ਜਾਣਿਆਂ?

ਪਰ ਕਿਸ ਤਰ੍ਹਾਂ ਇਹਨਾਂ ਪ੍ਰਚਾਰਕਾਂ ਨੂੰ ਸਮਝਾਇਆ ਜਾਵੇ, ਇਹ ਤਾਂ ਸੰਗਤਾਂ ਨੂੰ ਅਸ਼ਰਧਕ ਬਨਾਣ ਅਤੇ ਆਪਣੇ ਆਪ ਨੂੰ ਮਹਾਨ ਖੋਜੀ ਸਾਬਤ ਕਰਨ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਭੀ ਰਿਆਇਤ ਨਹੀਂ ਕਰਦੇ, ਜਿਨ੍ਹਾਂ ਨੇ ਆਪਣਾ ਸਾਰਾ ਕੁਟੰਬ ਹੀ ਸਾਨੂੰ ਅਕ੍ਰਿਤਘਣਾਂ ਨੂੰ ਬਚਾਉਣ ਤੇ ਜ਼ਿੰਦਾ ਰੱਖਣ ਖ਼ਾਤਰ ਕੁਰਬਾਨ ਕਰ ਦਿੱਤਾ ਤੇ ਸਾਰੀ ਜ਼ਿੰਦਗੀ ਦੁਖਾਂ 'ਚ ਕੱਟ ਕੇ ਭੀ 'ਯਾਰੜੇ ਦਾ ਸਾਨੂੰ ਸਥਰ ਚੰਗਾ' ਹੀ ਉਚਾਰਿਆ। ਇਹ ਖੋਜੀ ਬੜੇ ਮਾਣ ਨਾਲ ਕਹਿੰਦੇ ਫਿਰਦੇ ਹਨ ਕਿ ਗੁਰੂ ਸਾਹਿਬ ਨੇ ਪੰਜ ਸਿੰਘ ਨਹੀਂ, ਪੰਜ ਬਕਰੇ ਸ਼ਹੀਦ ਕੀਤੇ ਸਨ, ਜਿਵੇਂ ਕਿ ਬਕਰੇ ਇਹਨਾਂ ਨੇ ਹੀ ਜਾ ਕੇ ਬੰਨੇ ਸਨ, 300 ਸਾਲ ਤੱਕ ਤਾਂ ਇਹ ਭੇਦ ਇਹਨਾਂ ਨੇ ਛੁਪਾਈ ਰੱਖਿਆ, ਪਰ ਹੁਣ ਹਾਜ਼ਮਾ ਖ਼ਰਾਬ ਹੋਣ ਕਾਰਨ ਅਫਾਰਾ ਚੜ੍ਹ ਗਿਆ ਤੇ ਭੇਦ 'ਖੋਜ' ਦਾ ਰੂਪ ਧਾਰਨ ਕਰਕੇ ਢਿੱਡੋਂ ਬਾਹਰ ਆ ਗਿਆ। ਸਾਡੇ ਧਰਮਾਂ ਦੇ ਇਹੋ ਜਿਹੇ ਪ੍ਰਚਾਰਕ ਇੱਕ ਦੋ ਨਹੀਂ, ਅਨਗਿਣਤ ਹਨ, ਜੋ 'ਘੁੰਮਣਘੇਰ ਅਗਾਹ ਗਾਖਰੀ' ਗੁਰ ਸ਼ਬਦੀ ਪਾਰ ਉਤਰੀਐ ਰੇ' ਨੂੰ ਭੁੱਲ ਕੇ ਆਪ ਭੀ ਮਾਇਆ ਲੈ ਕੇ ਨਾਮ ਦਾਨ ਵੰਡ ਕੇ ਨਰਕ ਦਾ ਰਾਹ ਮੱਲ ਰਹੇ ਹਨ ਤੇ ਇਸ ਤਰ੍ਹਾਂ ਨਾਮ ਦਾਨ ਖ਼ਰੀਦਨ ਵਾਲਿਆਂ ਨੂੰ ਭੀ ਨਾਲ ਲਿਜਾਣ ਵਿਚ ਹੀ ਪਰਚਾਰ ਸਮਝਦੇ ਹਨ। ਅਮਲਾਂ ਵਿਰੁਧ ਪ੍ਰਚਾਰ ਕਰਨ ਦੀ ਥਾਂ ਹੌਲੀ ਜਿਹੀ ਇਹ ਹੀ ਕਹਿ ਦੇਂਦੇ ਹਨ—ਜੀ ਪੁਰਾਣੇ ਜ਼ਮਾਨੇ ਦੀਆਂ ਖ਼ੁਰਾਕਾਂ ਹੁਣ ਕਿਥੇ, ਦਿਨ ਭਰ ਕੰਮ ਕਾਰ ਕਰ ਕੇ ਥਕਾਵਟ ਹੋ ਹੀ ਜਾਂਦੀ ਹੈ ਤੇ ਥਕਾਵਟ ਦੂਰ ਕਰਨ ਵਾਸਤੇ. ਦੁਆਈ ਦੇ ਤੌਰ (ਬੋਤਲ ਕੁ) ਪੀ ਲਈਏ ਤਾਂ ਕੋਈ ਗਲ ਨਹੀਂ। ਇਹੀ ਕਾਰਣ ਹੈ ਕਿ ਇਤਨੇ ਪ੍ਰਚਾਰਕ ਹੁੰਦੇ ਹੋਏ ਭੀ ਸਾਡਾ ਧਰਮ ਗਿਰਾਵਟ ਵੱਲ ਵੱਗ ਰਿਹਾ ਹੈ ਕਿਉ ਕਿ ਇਹਨਾਂ ਪ੍ਰਚਾਰਕਾਂ ਦਾ ਆਪਣਾ ਜੀਵਨ ਆਸ਼ਾ ਸਿਰਫ ਬਾਣੀ ਦੇ ਮੁਕਾਬਲੇ ਤੇ ਕਵਿਤਾਵਾਂ ਘੜ ਘੜ ਕੇ ਮਾਇਆ ਬਟੋਰਨੀ ਹੈ।

www.AKJ.Org

ਪਰ ਇਸ ਤਸਵੀਰ ਦਾ ਦੂਜਾ ਰੁਖ—

ਅਜ ਤਿੰਨ ਚਾਰ ਦਿਨਾਂ ਤੋਂ ਅਖੰਡ ਕੀਰਤਨ ਸਮਾਗਮ ਚਲ ਰਿਹਾ ਹੈ, ਆਖਰੀ ਪ੍ਰੋਗਰਾਮ—ਰੈਣ ਸਬਾਈ ਕੀਰਤਨ ਆਰੰਭ ਹੋਣ ਦਾ ਸਮਾਂ ਆ ਰਿਹਾ ਹੈ। ਹਰ ਇਕ ਵਿਅਕਤੀ ਦੇ 'ਮਨ ਤਨ ਪ੍ਰੇਮ ਬੈਰਾਗਿ' ਜਿਹਾ ਪ੍ਰਤੀਤ ਹੋ ਰਿਹਾ ਹੈ, ਇਹ ਸੋਚ ਕੇ ਕਿ ਰੈਣ ਸਬਾਈ ਕੀਰਤਨ ਦੇ ਸਵੇਰੇ ਭੋਗ ਤੋਂ ਬਾਦ ਇਹ ਅੰਮ੍ਰਿਤ ਵਰਖਾ—ਇਹ ਅੰਮ੍ਰਿਤ ਭੋਜਨ, ਜੋ ਉਹ ਭੁੰਚ ਰਹੇ ਹਨ, ਕਿਸੇ ਅਗਲੇ ਸਮਾਗਮ ਤੱਕ ਸ਼ਾਇਦ ਨਸੀਬ ਨਾ ਹੋਵੇ। ਓਦੋਂ ਤਾਈਂ ਇਹਨਾਂ ਰਸਨਾਵਾਂ ਨੂੰ ਪਿਆਸਾ ਰਹਿਣਾ ਪੈਣਾ ਹੈ, ਸੋ ਸਰਬੱਤ ਸੰਗਤ ਉਠ ਵਾਂਗੂ ਆਪਣੇ ਕੁਹਾਣ (ਹਿਰਦੇ) ਵਿਚ ਇਹ ਅੰਮ੍ਰਿਤ, ਇਹ ਭੋਜਨ ਭਰ ਲੈਣਾ ਲੋਚਦੀ ਹੈ। ਇਸੇ ਲਈ ਤਾਂ ਨਿਸ਼ਚਿਤ ਸਮੇਂ ਤੋਂ ਪਹਿਲਾਂ ਹੀ ਕੀਰਤਨ ਸ਼ੁਰੂ ਹੋਣ ਲੱਗਾ ਹੈ। ਕੋਈ ਉਚੀ ਸਟੇਜ ਨਹੀਂ ਬਣੀ, ਕੋਈ ਅਨਾਊਂਸਮੈਂਟ ਨਹੀਂ ਹੋਈ, ਕਿਸੇ ਰਾਗੀ ਦਾ ਨਾਮ ਨਹੀਂ ਲਿਆ ਗਿਆ, ਇਕ ਗੁਰਮੁਖ ਪਿਆਰੇ ਸਿੰਘ ਸਾਹਿਬ ਜੀ ਨੇ 'ਵਾਹਿਗੁਰੂ ਜੀ' ਉਚਾਰਦੇ ਹੋਏ ਹਾਰਮੋਨੀਅਮ ਦਾ ਪੱਖਾ ਛੇੜਿਆ ਹੈ, ਸ਼ਬਦ ਸ਼ੁਰੂ ਹੋਇਆ ਹੈ, ਪਰ ਦੋ ਤਿੰਨ ਮਿੰਟ ਬਾਦ ਹੀ ਇਹ ਨਿਰਨਯ ਕਰਨਾ ਮੁਸ਼ਕਿਲ ਹੋ ਗਿਆ ਹੈ ਕਿ ਕੀਰਤਨ ਕਰ ਕੌਣ ਰਿਹਾ ਹੈ ਤੇ ਸੁਣ ਕੌਣ ਰਿਹਾ ਹੈ। ਸਭ 'ਮਗਨ ਮਨੈ ਮਹਿ ਚਿਤਵਉ ਆਸਾ, ਨੈਨਹੁ ਤਾਰ ਤੁਹਾਰੀ' ਅਨੁਸਾਰ ਹਜ਼ਾਰਾ ਹਜ਼ੂਰ, ਜ਼ਾਹਰਾ ਜ਼ਹੂਰ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮੁਖ ਬੈਠੇ, 'ਹਉ ਬਿਸਮੁ ਭਈ ਜੀ, ਹਰਿ ਦਰਸਨ ਦੇਖਿ ਅਪਾਰਾ' ਅਨੁਸਾਰ ਅਲਮਸਤ ਮਤਵਾਰੇ ਬਣ ਕੇ ਹਰ ਰਸ ਪੀ ਰਹੇ ਹਨ। ਗੁਰਬਾਣੀ ਦੀ ਤੁਕ ਨੂੰ ਤੁਛ ਬੁਧੀ ਅਨੁਸਾਰ ਵਿਚਾਰ ਕੇ, ਭਾਵ ਹਿਰਦੇ ਵਿਖੇ ਵਸਾਣ ਦੀ ਕੋਸ਼ਿਸ਼ ਕਰਦੇ ਹੋਏ, ਸ਼ਬਦ ਦਾ ਸਹੀ ਉਚਾਰਨ ਹੀ ਗਾ ਰਹੇ ਹਨ।

"ਜੀਉ ਰਾਤੀ ਜਲ ਮਾਛੁਲੀ, ਤਿਉ ਰਾਮ ਰਸਿ ਮਾਤੇ ਰਾਮਰਾਜੇ'—ਅਨੁਸਾਰ ਦੀਵਾਨ ਤੇ ਹਰ ਕੋਨੇ ਤੋਂ ਬਰਾਬਰ ਆਵਾਜ਼ ਆ ਰਹੀ ਹੈ, ਅਤੇ ਜੋੜੀ ਦੀ ਦਮ ਦਮ ਅਤੇ ਹਰ ਜਸ ਦੀ ਘੁਮਰ ਤੋਂ ਇੰਨ ਬਿੰਨ ਸਿੱਧ ਹੁੰਦਾ ਹੈ, ਤਹਾਂ ਬੈਕੁੰਠ, ਜਹ ਕੀਰਤਨ ਤੇਰਾ ॥ ਅਖੰਡ ਕੀਰਤਨ, ਇੱਕ ਤੋਂ ਬਾਦ ਦੂਜਾ, ਇੱਕੋ ਭਾਵ ਆਸ਼ੇ ਦਾ ਸ਼ਬਦ ਤੇ ਫਿਰ ਹੋਰ, ਇਸੇ ਤਰ੍ਹਾਂ ਘੰਟਿਆਂ ਬੱਧੀ ਲੜੀ ਬਣ ਰਹੀ ਹੈ, ਤੇ ਹਰ ਇਕ ਪ੍ਰਾਣੀ ਇਸ ਲੜੀ ਦੀ ਇੱਕ ਤੁਕ ਨੂੰ ਸ਼ਰਧਾ ਪੂਰਬਕ ਪੜ੍ਹ ਕੇ 'ਹਰਿ ਜਸੁ ਗੁਰ ਤੇ ਮਾਗਣਾ" ਹੀ ਲੋਚ ਰਿਹਾ ਹੈ।

"ਜਾ ਕਉ ਰਸੁ ਹਰਿ ਰਸੁ ਹੈ ਆਇਓ ॥
ਸੋ ਅਨਰਸ ਨਾਹੀ ਲਪਟਾਇਓ ॥"

ਵਰਗੀਆਂ ਸ਼ਖਸੀਅਤਾਂ ਭੀ ਇੱਥੇ ਹੀ ਵੇਖਣ ਵਿੱਚ ਆਉਂਦੀਆਂ ਹਨ। ਕੀਰਤਨ ਦੇ ਦੌਰਾਨ ਇੱਕ ਸੱਜਣ ਨੂੰ ਖਿਆਲ ਆਇਆ, ਕਿ ਸ਼ਾਇਦ ਜੋੜੀ ਦੀ ਸੇਵਾ ਕਰ ਰਹੇ ਸਿੰਘ ਸਾਹਿਬ ਨੇ ਰਾਤੀ ਪ੍ਰਸ਼ਾਦਾ ਨਹੀਂ ਛਕਿਆਂ, ਸੋ ਉਨ੍ਹਾਂ ਨੇ ਇਕ ਹੋਰ ਜੋੜੀ ਵਾਲੇ ਸੱਜਣ ਦਾ ਪ੍ਰਬੰਧ ਕਰਨਾ ਚਾਹਿਆ, ਪਰ ਉਨ੍ਹਾਂ ਨੂੰ ਦੱਸਿਆ ਗਿਆ ਕਿ ਹੁਣ ਤਾਂ ਅਲਮਸਤ ਮਤਵਾਰੇ ਗੁਰਸਿੱਖ ਸਵੇਰੇ ਭੋਗ ਪੈਣ ਤੇ ਹੀ ਜੋੜੀ ਛੱਡਣਗੇ, ਇਨ੍ਹਾਂ ਸਾਹਵੇਂ ਤਾਂ—'ਆਨ ਰਸਾ ਸਭਿ ਹੋਛੇ ਰੇ ਹੀ ਹਨ। ਇਹੋ ਜਿਹੇ ਪਰਮ ਗੁਰਮੁਖ ਸੱਜਣ ਹੀ ਵਾਹਿਗੁਰੂ ਜੀ ਦੇ ਖਜ਼ਾਨੇ ਚੋਂ ਰੱਜ ਰੱਜ ਭੋਜਨ ਖਾਕੇ ਹੀ ਅਪਣੇ ਮਨ ਨੂੰ ਸਮਝਾਉਂਦੇ ਹਨ—

'ਖੀਰ ਸਮਾਨਿ ਸਾਗੁ ਮੈਂ ਪਾਇਆ,
ਗੁਨ ਗਾਵਤ ਰੈਨਿ ਬਿਹਾਨੀ ॥

ਕਿਉਂਕਿ ਉਹ ਇਨ੍ਹਾਂ ਗੁਰ ਉਪਦੇਸ਼ਾਂ ਨੂੰ ਸਤਿ ਕਰ ਮੰਨਦੇ ਹਨ ਕਿ—

'ਹਰਿ ਕੀਰਤਿ ਰੁਤਿ ਆਈ,
ਹਰਿ ਨਾਮ ਵਡਾਈ
ਹਰਿ ਹਰਿ ਨਾਮ ਖੇਤ ਜਮਾਇਆ ॥
ਕਲਿਜੁਗ ਬੀਜੁ ਬੀਜੇ ਬਿਨੁ ਨਾਵੈ.
ਸਭ ਲਾਹਾ ਮੂਲੁ ਗਵਾਇਆ ॥

ਅਤੇ

ਸਤਿਗੁਰਿ ਪੂਰੈ ਕੀਨੀ ਦਾਤਿ ॥
ਹਰਿ ਹਰਿ ਨਾਮੁ ਦੀਉ ਕੀਰਤਨ ਕਉ. ਭਈ ਹਮਾਰੀ ਗਾਤਿ ॥

ਇਹੋ ਜਿਹੇ ਗੁਰਸਿੱਖ—'ਗੁਰਮੁਖ ਰੋਮ ਰੋਮ ਹਰਿ ਧਿਆਵਹਿ ਨੂੰ ਅਮਲੀ ਰੂਪ ਦੇਕੇ ਸਾਧ ਸੰਗਤ ਵਿਚ ਵਿੱਚਰ ਕੇ ਇਸ ਤਰ੍ਹਾਂ ਦੇ ਨਿਰਬਾਣ ਕੀਰਤਨ ਦਾ ਪ੍ਰਵਾਹ ਚਲਾਉਂਦੇ ਹਨ ਅਤੇ ਇਸ ਗੁਰ-ਹੁਕਮ ਨੂੰ ਕਮਾਉਂਦੇ ਹਨ—"ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤੁ ਛੂਟੇ ਅਤੇ ਇਸ ਤਰ੍ਹਾਂ ਦਾਸ ਜਿਹੇ ਨਟੂਏ ਪਾਪੀ ਪਤਿਤ ਪਰਮ ਪਾਖੰਡੀਆਂ ਨੂੰ ਭੀ 'ਸਾਧ ਸੰਗਤ ਪਾਈ ਪਰਮ ਗਤੇ ਅਨੁਸਾਰ ਤਾਰਦੇ ਹਨ।

ਇਹ ਸਿੰਘ ਹੀ ਅਜ ਸਾਡੇ ਧਰਮ ਦੇ ਥੰਮ ਹਨ ਅਤੇ ਇਨਾਂ ਗੁਰਮੁਖਾਂ ਦਾ ਅਮਲੀ ਜੀਵਨ ਹੀ ਸਾਡਾ ਸਹੀ

www.AKJ.Org

ਪਰਚਾਰ ਹੈ । ਇਹ ਦਮੜੇ ਲੈਕੇ ਨਾਮ ਦਾਨ ਨਹੀਂ ਵੰਡਦੇ, ਸਗੋਂ ਗੁਰਮਤ ਅਸੂਲਾਂ ਮੁਤਾਬਕ ਨਾਮ ਦ੍ਰਿੜਾਉਂਦੇ ਹਨ । ਭੇਟਾਵਾਂ ਮਿਥ ਕੇ ਸਮਾਗਮਾਂ ਤੇ ਨਹੀਂ ਪੁਜਦੇ ਸਗੋਂ ਜੇਬੋਂ ਪੈਸੇ ਖਰਚ ਕੇ ਸਮਾਗਮਾਂ ਦੀਆਂ ਰੌਣਕਾਂ ਵਧਾਉਂਦੇ ਹਨ ਕਿਉਂਕਿ ਇਹ ਗੁਰ-ਕ੍ਰਿਪਾ ਦੁਆਰਾ ਸੋਝੀ ਪਾ ਚੁਕੇ ਹਨ ਕਿ ਇਸ ਜਗ ਵਿੱਚ ਨਾਮ ਤੋਂ ਬਿਨਾ 'ਕਿਛੁ ਥਿਰ ਨ ਰਹਾਈ ਅਨੁਸਾਰ ਸਭ ਨਾਸ਼ਵਾਨ ਪਦਾਰਥ ਹਨ ਸਭ ਨਿਹਫਲ ਕਰਮ ਹਨ, ਅਤੇ ਅੰਤ ਵੇਲੇ 'ਕਬੀਰ ਕੋ ਠਾਕੁਰੁ ਅਨਦ ਬਿਨੋਦੀ, ਜਾਤਿ ਨ ਕਾਹੂ ਕੀ ਮਾਨੀ ਅਨੁਸਾਰ ਓਥੇ ਜਾਤ, ਮਾਇਆ ਦਾਨ ਅਤੇ ਖਰੀਦਿਆ ਜਾ ਵੇਚਿਆ ਹੋਇਆ ਨਾਮ ਦਾਨ ਨਹੀਂ ਨਿਭਣਾ, ਉਥੇ ਤਾਂ 'ਕਮਾਇਆ ਹੋਇਆ 'ਨਾਮ ਹੀ ਕੰਮ ਆਉਂਣਾ ਹੈ ਤਥਾ ਗੁਰ ਉਪਦੇਸ਼—

ਜਹ ਮਾਤ ਪਿਤਾ ਸੁਤ ਮੀਤ ਨ ਭਾਈ ॥
ਮਨ ਊਹਾ ਨਾਮੁ ਤੇਰੈ ਸੰਗਿ ਸਹਾਈ ॥
ਜਹ ਮਹਾ ਭਇਆਨ ਦੂਤ ਜਮ ਦਲੈ ॥
ਤਹ ਕੇਵਲ ਨਾਮ ਸੰਗ ਤੇਰੇ ਚਲੈ ॥
ਜਹ ਮੁਸਕਲ ਹੋਵੈ ਅਤਿ ਭਾਰੀ ॥
ਹਰਿ ਕੋ ਨਾਮੁ ਖਿਨੁ ਮਾਹਿ ਉਧਾਰੀ ॥
ਅਨਿਕ ਪੁਨਹ ਚਰਨ ਕਰਤ ਨਹੀ ਤਰੈ ॥
ਹਰਿ ਕੋ ਨਾਮ ਕੋਟਿ ਪਾਪ ਪਰਹਰੈ ॥
ਗੁਰਮੁਖਿ ਨਾਮ ਜਪਹੁ ਮਨ ਮੇਰੇ ॥
ਨਾਨਕ ਪਾਵਹੁ ਸੂਖ ਘਨੇਰੇ ॥

ਅਤੇ ਇਸ ਵਿੱਚ ਰਤਾ ਭੀ ਸ਼ੱਕ ਦੀ ਗੁੰਜਾਇਸ਼ ਨਹੀਂ ਰਹਿੰਦੀ ਕਿ ਇਹੋ ਜਿਹੇ ਹਰ ਰੰਗ ਰਾਤੇ ਗੁਰਮੁਖਾਂ ਬਾਰੇ ਹੀ ਭਾਈ ਗੁਰਦਾਸ ਜੀ ਉਚਾਰਦੇ ਹਨ—

ਗੁਰਸਿੱਖ ਸਾਧ ਸੰਗ ਰੰਗ ਮੈਂ ਰੰਗੀਲੇ ਭਏ,
ਬਾਰਨੀ ਬਿਗੰਧ ਗੰਗ ਸੰਗ ਮਿਲੇ ਗੰਗ ਹੈ ॥
ਸੁਰਸੁਰੀ ਸੰਗਮ ਹ੍ਵੈ ਪ੍ਰਬਲ ਪ੍ਰਵਾਹਿ ਲਿਵ,
ਸਾਗਰ ਅਥਾਹ ਸਤਿਗੁਰ ਸੰਗ ਸੰਗ ਹੈ ॥
ਚਰਨ ਕਮਲ ਮਕਰੰਦ ਨਿਹਚਲ ਚਿੱਤ,
ਦਰਸਨ ਸੋਭਾ ਨਿਧ ਲਹਰ ਤਰੰਗ ਹੈ ॥
ਅਨਹਦ ਸਬਦ ਕੈ ਸਰਬ ਨਿਧਾਨ ਦਾਨ,
ਗਯਾਨ ਅੰਸ ਹੰਸ ਗਤਿ ਸੁਮਤਿ ਸ੍ਰਬੰਗ ਹੈ ॥

ਅਤੇ

ਨਖ ਸਿਸ ਲਉ ਸਗਲ ਅੰਗ ਰੋਮ ਰੋਮ ਕਰਿ,
ਕਾਟਿ ਕਾਟਿ ਸਿਖਨ ਕੇ ਚਰਨ ਪਰ ਵਾਰੀਐ ।
ਅਗਨ ਜਲਾਏ. ਫੁਨਿ ਪੀਸਨ ਪੀਸਾਇ ਤਾਂਹਿ,
ਲੈ ਉਡੈ ਪਵਨ ਹੋਇ ਅਨਿਕ ਪ੍ਰਕਾਰੀਐ ।
ਜਤ ਕਤ ਸਿਖ ਪਗ ਧਰੈ ਗੁਰ ਪੰਥ ਪ੍ਰਾਤ,
ਤਾਹੂ ਤਾਹੂ ਮਾਰਗ ਮਹਿ ਭਸਮ ਕੋ ਡਾਰੀਐ ।
ਤਿਹ ਪਦ ਪਾਦਕ ਚਰਨ ਲਿਵ ਲਾਗੀ ਰਹੈ,
ਦਯਾ ਕੈ ਦਯਾਲ ਮੋਹਿ ਪਤਿਤ ਉਧਾਰੀਐ ।

ਸਚਾਈ ਨੂੰ ਕਮਾਣਾ, ਸਚਾਈ ਨੂੰ ਮੰਨਣਾ ਬਹੁਤ ਕੌੜਾ, ਕਠਨ ਅਤੇ ਮਨ ਨੂੰ ਮਾਰਨ ਵਾਲੀ ਅਵਸਥਾ ਦੀਆਂ ਗੱਲਾਂ ਹਨ, ਪਰ ਇਸ ਸਚਾਈ ਨੂੰ ਝੂਠ ਕਹਿਣਾ ਜਾਂ ਸਮਝਣਾ ਕਬੂਤਰ ਵਾਂਗੂੰ ਅੱਖਾਂ ਬੰਦ ਕਰਨ ਵਾਲੀ ਹੀ ਗੱਲ ਹੈ, ਕਿ ਸਾਡਾ ਪ੍ਰਚਾਰ, ਸਾਡੇ ਧਰਮ ਦੇ ਥੰਮ ਅੱਜ ਇਹੀ ਗੁਰਮੁਖ, ਗੁਰਸਿੱਖ ਹਨ ਅਤੇ ਦਾਸ ਜਿਹੇ ਨਟੂਏ ਫੋਕਿਆਂ ਦਾ ਉਧਾਰ ਭੀ ਇਹਨਾਂ ਗੁਰਮੁਖਾਂ ਦੁਆਰਾ 'ਹਰਿ ਕੇ ਸੰਤ ਬਤਾਵਹੁ ਮਾਰਗ ਹਮ ਪੀਛੇ ਲਾਗਿ ਚਲੀ' ਅਨੁਸਾਰ ਹੀ ਹੋਣਾ ਹੈ ।

---

# ਮਾਸਕ ਰੈਣ ਸਬਾਈ ਕੀਰਤਨ

**ਸਰਬੱਤ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਹ ਮਾਸਕ ਰੈਣ ਸਬਾਈ ਜ਼ਿਲਾ ਲੁਧਿਆਣਾ ਅਤੇ ਨਾਲ ਲਗਦੇ ਇਰਦ ਗਿਰਦ ਦੇ ਇਲਾਕੇ ਵਿਖੇ ਸਤਿਗੁਰੂ ਦੀ ਮਿਹਰ ਨਾਲ ਅਪ੍ਰੈਲ 1959 ਤੋਂ ਅਰੰਭ ਹੋਕੇ ਹੁਣ ਤਕ ਲਗਾਤਾਰ ਗਿਆਰਵੇਂ ਸਾਲ ਵਿਚ ਬੜੀ ਚੜ੍ਹਦੀਕਲਾ ਵਿਖੇ ਚਲ ਰਿਹਾ ਹੈ । ਹੁਣ ਮਹੀਨਾ ਜੂਨ, 1969 ਦਾ ਮਾਸਕ ਸਮਾਗਮ 28-29 ਜੂਨ ਦੀ ਵਿਚਕਾਰਲੀ ਰਾਤ ਗੁਰਦਵਾਰਾ ਸਾਹਿਬ ਪਿੰਡ ਖੇੜਾ ਜ਼ਿ: ਲੁਧਿਆਣਾ ਵਿਖੇ ਬੜੀ ਧੂਮ ਧਾਮ ਨਾਲ ਮਨਾਇਆ ਜਾਵੇਗਾ, ਸੋ ਹੁਮ ਹੁਮਾ ਕੇ ਦਰਸ਼ਨ ਦੇਵੋ ਅਤੇ ਅਖੰਡ ਕੀਰਤਨ ਰੈਣ ਸਬਾਈ ਦੇ ਪਵਿਤ੍ਰ ਲਾਹੇ ਭੁੰਚੋ ।**

ਨੋਟ—ਲੁਧਿਆਣਾ, ਧੂਰੀ ਰੇਲਵੇ ਲਾਈਨ ਦੇ ਦਰਮਿਆਨ ਸਟੇਸ਼ਨ ਅਹਿਮਦਗੜ ਤੋਂ ਪਿੰਡ ਖੇੜਾ ਸਿਰਫ ਅੱਧਾ ਮੀਲ ਹੈ, ਹਰ ਸਮੇਂ ਬਸ ਅਤੇ ਗੱਡੀ ਵੀ ਮਿਲ ਸ਼ਕਦੀ ਹੈ ।

ਪੁੱਛ ਗਿੱਛ ਲਈ:—ਮਾਸ਼ਟਰ ਉਜਾਗਰ ਸਿੰਘ
ਪਿੰਡ ਫਰਵਾਲੀ, ਡਾਕਘਰ ਲੋਹਟਬਦੀ, ਜ਼ਿਲਾ ਸੰਗਰੂਰ

www.AKJ.org

## ਤੁਸੀਂ ਦੇਸ਼ ਵਿਚ ਹੋ ਜਾਂ ਵਿਦੇਸ਼ ਵਿਚ

## ਘਰ ਬੈਠੇ ਹੀ

## ਸਿਖ ਇਤਿਹਾਸ, ਗੁਰਬਾਣੀ, ਸਿਖ ਦਰਸ਼ਨ ਸਬੰਧੀ

# ਮੁਫ਼ਤ ਡਾਕ ਰਾਹੀਂ ਕੋਰਸ ਕਰੋ।

ਆਪਣੇ ਪੜ੍ਹੇ ਲਿਖੇ ਬਾਲ ਬਚਿਆਂ, ਮਿਤ੍ਰਾਂ ਦੋਸਤਾਂ ਨੂੰ ਕਰਾਓ ਅਤੇ ਇਸ ਤਰਾਂ ਸੰਸਾਰ ਭਰ 'ਚ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਸਚੇ ਸੁਚੇ ਮਿਸ਼ਨ ਨੂੰ ਪਰਚਾਰਨ ਲਈ ਸਹਾਈ ਬਣੋ।

ਕੋਰਸ ਦੀ ਪੂਰੀ ਵਾਕਫ਼ੀਅਤ ਲਈ ਅਜ ਹੀ 20 ਪੈਸੇ ਦੇ ਡਾਕ ਟਿਕਟ ਭੇਜੋ:—

ਡਾਇਰੈਕਟਰ,
**ਗੁਰਮਤਿ ਪੱਤਰ ਵਿਹਾਰ ਸਿਖਿਆ,**
ਅਮਰ ਆਸ਼ਰਮ, ਪਟਿਆਲਾ (ਪੰਜਾਬ)

*Director,*
**Gurmat Correspondence Course,**
Amar Ashram, Patiala (Punjab)

# ਫੁਲਬਹਿਰੀ ਦੇ ਸਾਰੇ ਚਿੱਟੇ ਦਾਗ਼ ਹਟਕੇ ਸਰੀਰ ਦੀ ਚਮੜੀ ਬਿਲਕੁਲ ਠੀਕ ਹੋ ਜਾਂਦੀ ਹੈ।

## ਸਾਡੇ ਇਲਾਜ ਨਾਲ ਦੇਸ਼ ਪਰਦੇਸ਼ ਦੇ ਹਜ਼ਾਰਾਂ ਲੋਕ ਫ਼ੁਲਬਹਿਰੀ ਦੇ ਰੋਗ ਤੋਂ ਛੁਟਕਾਰਾ ਪਾ ਚੁੱਕੇ ਹਨ।

ਇਹ ਦਵਾਈ ਫੁਲਬਹਿਰੀ ਦੇ ਰੋਗ ਨੂੰ ਜੜੋਂ ਪੁਟਣ ਵਿਚ ਪੂਰੀ ਕਾਮਯਾਬ ਹੈ। ਫੁਲਬਹਿਰੀ ਦ ਰੋਗੀਆਂ ਨੂੰ ਨਿਰਾਸ਼ ਹੋਣ ਦੀ ਲੋੜ ਨਹੀਂ। ਪੂਰੇ ਇਲਾਜ ਲਈ ਸਾਨੂੰ ਮਿਲੋ ਜਾਂ ਚਿਠੀ-ਪੱਤਰ ਰਾਹੀਂ ਦਵਾਈ ਮੰਗਵਾ ਸਕਦੇ ਹੋ।



ਪਤਾ:—ਵੈਦ ਗੁਰਭਜਨ ਸਿੰਘ ਸੰਨਿਆਸੀ

# ਸੰਨਿਆਸੀ ਦਵਾਖ਼ਾਨਾ

ਫ਼ੋਨ ਨੰ: 1327

ਰਾਘੋਮਾਜਰਾ, ਪੀਲੀ ਸੜਕ, ਪਟਿਆਲਾ।


www.AKJ.org

# ਅਰਦਾਸ ਸ਼ਕਤੀ

(ਸ੍ਰੀ ਡੀ. ਡੀ. ਆਈਜ਼ਨ ਹੋਵਰ (Late D. D. Eisenhower)

ਨੋਟ:—ਲੇਟ ਸ੍ਰੀ ਡੀ. ਡੀ. ਆਈਜ਼ਨ ਹੋਵਰ ਦੂਜੀ ਵਡੀ ਜੰਗ ਵਿਚ ਅਮਰੀਕੀ, ਬਰਤਾਨਵੀ, ਫਰਾਂਸੀਸੀ ਆਦਿ ਦੇਸ਼ਾਂ ਦੀ ਮਿਲਵੀਂ ਫ਼ੌਜ ਦੇ ਵਡੇ ਕਮਾਂਡਰ ਰਹੇ ਹਨ ਅਤੇ ਇਸ ਸੇਵਾ ਵਿਚ ਉਨਾਂ ਨੇ ਬਹੁਤ ਨਾਮ ਪੈਦਾ ਕੀਤਾ ਇਸਤੋਂ ਉਪ੍ਰੰਤ ਉਹ ਦੋ ਵਾਰੀ ਅਮਰੀਕਾ ਦੇਸ਼ ਦੇ ਰਾਸ਼ਟਰਪਤੀ ਚੁਣੇ ਗਏ ਤੇ ਉਹਨਾਂ ਨੇ ਇਸ ਤਰਾਂ ਅਮਰੀਕਾ ਦੀ ਬੜੇ ਗੁੰਝਲਦਾਰ ਤੇ ਔਖੇ ਸਮੇਂ ਵਿਚ ਅਠ ਸਾਲ ਅਗਵਾਈ ਕੀਤੀ।

ਇਹ ਲੇਖ ਉਨ੍ਹਾਂ ਨੇ ਆਪਣੀ ਮ੍ਰਿਤੂ ਤੋਂ ਥੋੜਾ ਚਿਰ ਪਹਿਲੇ ਲਿਖਿਆ ਸੀ। ਪਟਨਾ ਦੇ ਪ੍ਰਸਿਧ ਅੰਗ੍ਰੇਜ਼ੀ ਦੈਨਿਕ ਪਤ੍ਰ 'ਇੰਡੀਅਨ ਨੇਸ਼ਨ' ਦੇ ੨੯ ਅਪ੍ਰੈਲ ੧੯੬੯ ਦੇ ਪਰਚੇ ਵਿਚ ਇਹ ਲੇਖ ਛਪਿਆ। ਇਸ ਵਿਚ ਪ੍ਰਗਟਾਏ ਰੱਬੀ ਸ਼ਕਤੀ ਅਤੇ ਅਰਦਾਸ ਵਿਚ ਵਿਸ਼ਵਾਸ਼ ਸਬੰਧੀ ਵਿਚਾਰਾਂ ਨੂੰ ਪੜ੍ਹ ਕੇ ਇਸ ਦਾ ਪੰਜਾਬੀ ਅਨੁਵਾਦ 'ਸੂਰਾ' ਦੇ ਪਾਠਕਾਂ ਪ੍ਰਤਿ ਪੁਚਾਉਣ ਦੀ ਪ੍ਰੇਰਨਾ ਹੋਈ ਹੈ। ਸੋ ਰੋਜ਼ਾਨਾ "ਇੰਡੀਅਨ ਨੇਸ਼ਨ" ਪਟਨਾ ਦੇ ਧੰਨਵਾਦ ਸਹਿਤ ਇਹ ਅਨੁਵਾਦ ਹਾਜ਼ਰ ਹੈ।

ਦਾਸ:—ਮਨਮੋਹਨ ਸਿੰਘ, ਪਟਨਾ

ਰੱਬੀ ਵਿਸ਼ਵਾਸ਼ ਤੇ ਅਰਦਾਸ ਨੇ ਮੇਰੇ ਜੀਵਨ ਵਿਚ ਬਹੁਤ ਵਾਰੀ ਮੈਨੂੰ ਆਸਰਾ ਤੇ ਧਾਰਸ ਦਿਤੀ ਹੈ। ਇਹੋ ਜਿਹਾ ਪਹਿਲਾ ਅਵਸਰ ਮੈਨੂੰ ਓਦੋਂ ਮਿਲਿਆ ਜਦ ਮੈਂ ਅਜੇ ਤਰੁਣ ਅਵਸਥਾ ਵਿਚ ਹੀ ਸਾਂ। ਉਹ ਅਵਸਰ ਮੇਰੇ ਲਈ ਇਕ ਜੀਵਨ ਮੋੜ ਬਣਿਆ। ਗਲ ਇਹ ਹੋਈ ਕਿ ਮੇਰੇ ਅਚਾਨਕ ਡਿਗ ਪੈਣ ਕਰਕੇ ਖੱਬਾ ਗੋਡਾ ਬਹੁਤ ਛਿਲਿਆ ਗਿਆ। ਜ਼ਖਮ ਖਰਾਬ ਹੋ ਗਿਆ ਅਤੇ ਤਕਲੀਫ਼ ਇਨੀ ਵਧ ਗਈ ਕਿ ਮੈਂ ਆਪਣੇ ਫ਼ਾਰਮ ਵਿਚ ਕੰਮ ਕਰਨ ਤੋਂ ਵੀ ਆਰੀ ਹੋ ਗਿਆ ਮੇਰੇ ਮਾਤਾ ਪਿਤਾ ਨੇ ਮੇਰੀ ਸੁੱਜੀ ਤੇ ਰੰਗੋਂ ਬੇਰੰਗ ਹੋਈ ਲੱਤ ਵੇਖੀ ਤਾਂ ਸਾਡੇ ਖਾਨਦਾਨੀ ਬਜ਼ੁਰਗ ਡਾਕਟਰ ਕੋਂਕਲਿਨ ਨੂੰ ਬੁਲਾਇਆ ਉਸ ਸਿਆਣੇ ਡਾਕਟਰ ਨੇ ਮੇਰੀ ਜ਼ੈਹਰ ਭਰੀ ਲੱਤ ਨੂੰ ਚੰਗੀ ਤਰ੍ਹਾਂ ਦੇਖ ਚਾਖ ਕੇ ਸਲਾਹ ਦਿਤੀ ਕਿ ਝਟ ਪਟ ਹੀ ਇਸ ਨੂੰ ਕਟਿਆ ਜਾਵੇ ਨਹੀਂ ਤਾਂ ਮੇਰੀ ਬਾਕੀ ਰਹਿੰਦੀ ਲਤ ਹੀ ਨਹੀਂ ਬਲਕਿ ਜੀਵਨ ਹੀ ਖਤਰੇ ਵਿਚ ਪੈ ਸਕਦਾ ਹੈ।

ਚੌਦਾਂ ਸਾਲ ਦੀ ਛੋਟੀ ਜਿਹੀ ਆਯੂ ਵਿਚ ਇਸ ਹੋਣੀ ਦੇ ਭਯੰਕਰ ਦ੍ਰਿਸ਼ ਨਾਲ ਮੈਂ ਗੁਸਿਆ ਗਿਆ ਤੇ ਕੰਬ ਉਠਿਆ। ਬਿਸਤਰੇ ਵਿਚੋਂ ਉਭਰਕੇ ਮੇਰੇ ਮੂੰਹੋਂ ਜ਼ੋਰ ਦੀ ਇਹ ਅਖਰ ਨਿਕਲੇ: ਇਹ ਇਝ ਨਹੀਂ ਹੋ ਸਕਦਾ। ਮੈਂ ਇੰਝ ਨਹੀਂ ਹੋਣ ਦਿਆਂਗਾ ਭਾਵੇਂ ਮੈਨੂੰ ਮੌਤ ਹੀ ਕਿਉਂ ਨਾ ਕਬੂਲਨੀ ਪਵੇ।' ਫ਼ਿਰ ਮੈਂ ਆਪਣੇ ਵਡੇ ਭਰਾ ਐਡਗਰ ਕੋਲੋਂ ਬਚਨ ਲਿਆ ਕਿ ਚਾਹੇ ਕੁਛ ਵੀ ਹੋਵੇ ਉਹ ਡਾਕਟਰ ਨੂੰ ਮੇਰੀ ਲੱਤ ਨਾ ਵਢਨ ਦੇਵੇ। ਉਹ ਆਪਣੇ ਕੀਤੇ ਬਚਨ ਦੇ ਅਖਰ ਅਖਰ ਨੂੰ ਪਾਲਣ ਲਈ ਮੇਰੇ ਕਮਰੇ ਦੇ ਬੂਹੇ ਅਗੇ ਪਹਿਰੇਦਾਰ ਹੋਕੇ ਖੜੋ ਗਿਆ। ਓਸੇ ਸਮੇਂ ਮੇਰੇ ਮਾਤਾ ਪਿਤਾ ਨੂੰ ਸ਼ਾਇਦ ਮੇਰੇ ਦਾਦੇ ਦੀ ਯਾਦ ਆ ਗਈ ਜੋ ਕਿ ਬਰੇਦਰੇਨ ਨਦੀ ਦੇ ਕੋਲ ਹੀ ਰਹਿੰਦਾ ਹੁੰਦਾ ਸੀ ਅਤੇ ਜੋ ਰਬੀ ਕਰਾਮਾਤਾਂ ਵਿਚ ਵਿਸ਼ਵਾਸ਼ ਰਖਦਾ ਹੁੰਦਾ ਸੀ, ਇਸ ਸਦਕਾ ਉਨ੍ਹਾਂ ਨੇ ਮੇਰੇ ਬਿਸਤਰੇ ਦੇ ਪਾਸ ਬੈਠ ਕੇ ਲਗਾਤਾਰ ਅਰਦਾਸ ਕਰਨੀ ਅਰੰਭ ਕਰ ਦਿਤੀ। ਪਹਿਲਾਂ ਪਿਤਾ ਤੇ

www.AKJ.Org

ਮਾਤਾ ਨੇ ਵਾਰੋ ਵਾਰੀ ਅਰਦਾਸ ਕੀਤੀ। ਦੂਜੀ ਰਾਤ ਐਡਗਰ ਤੇ ਫੇਰ ਮੇਰੇ ਬਾਕੀ ਚਾਰੇ ਭਰਾ ਵੀ ਇਨਾਂ ਅਰਦਾਸਾਂ ਵਿਚ ਸ਼ਾਮਲ ਹੋ ਗਏ। ਉਹ ਸਾਰੇ ਹੀ ਗੋਡੇ ਟੇਕ ਕੇ ਵਾਰੀ ਵਾਰੀ ਅਰਦਾਸ ਕਰਦੇ ਰਹੇ। ਉਸ ਸਮੇਂ ਵਿਚ ਮੇਰੇ ਵਿਚੋਂ ਬੁਖਾਰ ਤੇ ਅਤਿ ਦੀ ਪੀੜਾ ਸ਼ਾਇਦ ਹੀ ਕਿਸੇ ਵੇਲੇ ਠਲ੍ਹੀ ਹੋਵੇ।

ਅਗਲੇ ਭਲਕ ਡਾਕਟਰ ਕੋਂਕਲਿਨ ਦੀ ਸਿਆਣੀ ਤੇ ਅਨੁਭਵੀ ਅਖ ਨੇ ਭਾਂਪ ਲਿਆ ਕਿ ਮੇਰੀ ਲੱਤ ਦੀ ਸੋਜਨ ਕੁਝ ਘਟ ਹੋ ਗਈ ਹੈ ਤੇ ਰੰਗ ਵਿਚ ਵੀ ਫ਼ਰਕ ਪੈ ਰਿਹਾ ਹੈ, ਉਸ ਤੋਂ ਪਿਛੋਂ ਦਿਨੇ ਮੈਨੂੰ ਨੀਂਦਰ ਵੀ ਚੰਗੀ ਆ ਗਈ। ਦੋ ਸਾਤਿਆਂ ਵਿਚ ਮੈਂ ਬਿਸਤਰਾ ਛੱਡ ਕੇ ਤੁਰਨ ਯੋਗ ਹੋ ਗਿਆ। ਇਸ ਸਮੇਂ ਪਰਗਟ ਪਹਾਰੀ ਅਰਦਾਸ ਸ਼ਕਤੀ ਨੇ ਮੇਰੀ ਲੱਤ ਤਾਂ ਬਚਾ ਹੀ ਦਿਤੀ ਪਰ ਨਾਲ ਹੀ ਮੇਰੇ ਮਨ ਵਿਚ ਅਗੋਂ ਸਦਾ ਲਈ ਰੱਬੀ ਵਿਸ਼ਵਾਸ਼ ਦੀ ਦ੍ਰਿੜਤਾ ਸਹਿਤ ਪੱਕਾ ਕਰ ਦਿਤਾ।

ਦੂਜੀ ਵਡੀ ਜੰਗ ਵਿਚ ਕਈ ਵੇਰੀ ਜਦ ਮੈਨੂੰ ਹੋਰ ਕੋਈ ਰਾਹ ਨਹੀਂ ਸੀ ਲਭਦਾ ਤਾਂ ਮੈਂ ਆਪਣਾ ਮੂੰਹ ਪ੍ਰਮਾਤਮਾ ਵਲ ਕਰ ਲੈਂਦਾ ਸਾਂ। ਦੋ ਵਾਰੀ ਦੇ ਖਾਸ ਅਉਸਰ ਵਰਨਣਯੋਗ ਹਨ। ਇਕ ਵਾਰੀ ਸਾਡੀ ਹਵਾਈ ਫ਼ੌਜ (paratroopers) ਦਾ ਇਕ ਦਸਤਾ ਬੜੀ ਹੀ ਔਕੜ ਵਿਚ ਫਸ ਗਿਆ। ਸਿਸਲੀ (Sicily) ਉਤੇ ਚੜਾਈ ਸਮੇਂ ਇਕ ਰਾਤੀਂ ਹਵਾਈ ਜਹਾਜ਼ਾਂ ਵਿਚ ਉਡ ਰਹੇ ਇਸ ਫੌਜੀ ਦਸਤੇ ਦੇ ਨੀਯਤ ਕੀਤੇ ਰਾਹ ਤੋਂ ਔਝੜ ਪੈ ਜਾਣ ਦੀ ਖਬਰ ਮਿਲੀ। ਹਵਾਈ ਜਹਾਜ਼ਾਂ ਵਿਚ ਉਡ ਰਹੇ ਹਜ਼ਾਰਾਂ ਸਿਪਾਹੀਆਂ ਦੇ ਸਮੁੰਦਰ ਵਿਚ ਡਿੱਗ ਕੇ ਖਤਮ ਹੋ ਜਾਣ ਦਾ ਭਾਰੀ ਖਤਰਾ ਬਣ ਗਿਆ। ਮੈਨੂੰ ਯਾਦ ਹੈ ਮੈਂ ਉਸ ਸਮੇਂ ਪ੍ਰਮਾਤਮਾ ਅਗੇ ਅਰਦਾਸ ਕੀਤੀ: ਏ ਮੇਰੇ ਪ੍ਰਮਾਤਮਾ! ਉਨ੍ਹਾਂ ਦੀ ਰਖਿਆ ਤੂੰ ਹੀ ਕਰ ਤੇ ਜਾਨ ਬਚਾ। ਹੁਣ ਉਹਨਾਂ ਦਾ ਜੀਵਨ ਤੇਰੇ ਹੀ ਸਰਬ ਸ਼ਕਤੀ ਮਾਨ ਹਥਾਂ ਵਿਚ ਹੈ।' ਅਣਹੋਣੀ ਗਲ ਹੋ ਗਈ। ਲੀਡਰ ਹਵਾਈ ਜਹਾਜ਼ ਨੇ ਆਪੇ ਹੀ ਠੀਕ ਰਾਹ ਫੜ ਲਿਆ ਤੇ ਏਸ ਤਰਾਂ ਸਾਰੇ ਹੀ ਠੀਕ ਠਾਕ ਧਰਤੀ ਤੇ ਉਤਰ ਆਏ।

ਇਸੇ ਤਰਾਂ ਯੂਰਪ ਉਤੇ ਡੀ. ਡੇ, (D—Day —੬ ਜੂਨ ੧੯੪੪ ਵਾਲੇ ਦਿਨ ਅਮਰੀਕਾ, ਬਰਤਾਨੀਆ ਤੇ ਉਨ੍ਹਾਂ ਦੇ ਸਾਥੀਆਂ ਦੀਆਂ ਸਾਂਝੀਆਂ ਫੌਜਾਂ ਨੇ ਨੌਰਮੰਡੀ ਤੇ ਇਕ ਬਹੁਤ ਹੀ ਵਡਾ ਹਮਲਾ ਜਨਰਲ ਆਈਜ਼ਨਹੋਵਰ ਦੇ ਹੁਕਮ ਨਾਲ ਕੀਤਾ। ਇਸ ਚੜਾਈ ਵਿਚ ਲਖਾਂ ਦੀ ਗਿਣਤੀ ਵਿਚ ਸਿਪਾਹੀ ਸ਼ਾਮਲ ਸਨ। ਦੂਜੀ ਵਡੀ ਜੰਗ ਵਿਚ ਇਹ ਦਿਨ ਖਾਸ ਮਹੱਤਤਾ ਰਖਦਾ ਹੈ ਕਿਉਂਕਿ ਇਸੇ ਦਿਨ ਦੇ ਹਮਲੇ ਨਾਲ ਹੀ ਸਾਰੀ ਜੰਗ ਦੇ ਰੁਖ ਦਾ ਫੈਸਲਾ ਹੋਣਾ ਸੀ, (ਇਹ ਦਿਨ ਡੀ. ਡੇ. ਨਾਮ ਨਾਲ ਪ੍ਰਸਿਧ ਹੈ ) ਵਾਲੀ ਵਡੀ ਚੜ੍ਹਾਈ ਤੋਂ ਪਹਿਲੀ ਰਾਤ੍ਰੀ ਇਕ ਬੜਾ ਹੀ ਪੇਚੀਦਾ ਤੇ ਖਤਰਨਾਕ ਮਸਲਾ ਇਹ ਪੈਦਾ ਹੋ ਗਿਆ ਕਿ ਫ਼ੌਜੀ ਅਮ੍ਰੀਕੀ ਫੌਜ ਦੇ ਦੋ ਡਿਵਿਯਨ, ਨਾਜ਼ੀਆਂ ਦੇ ਢੰਗ ਨਾਲ ਖੂਬ ਸੁਰਖਸ਼ਤ ਕੀਤੇ ਹੋਏ ਚੈਰ ਬੋਰਗ (Cher bourg) ਨਾਮੀ ਟਾਪੂ ਵਲ ਹਵਾਈ ਜਹਾਜ਼ਾਂ ਰਾਹੀਂ ਘੱਲੇ ਜਾਣ ਕਿ ਨਾ। ਅੰਗਰੇਜ਼ ਏਅਰ ਚੀਫ ਲੇ ਮੈਲੁਰੀ (Leigh Mallory) ਨੇ ਇਸ ਵਿਚਾਰ ਦੀ, ਆਪਣੀਆਂ ਫੌਜ ਨੂੰ ਆਪ ਹੀ ਮੌਤ ਦੇ ਮੂੰਹ ਵਿਚ ਸੁਟਣ ਤੇ ਇਸ ਤਰ੍ਹਾਂ ਅਜਾਈਂ ਹਤਿਆ ਸਮਝਕੇ ਪੱਕੀ ਵਿਰੋਧਤਾ ਕੀਤੀ। ਪਰ ਨਾਲ ਹੀ ਜੇ ਇਹ ਚੜਾਈ ਨ ਕੀਤੀ ਜਾਵੇ ਤਾਂ ਇਸ ਦਾ ਸਿੱਟਾ ਇਹ ਵੀ ਨਿਕਲ ਸਕਦਾ ਸੀ ਕਿ ਊਟਾ ਦੇ ਸਮੁੰਦਰੀ ਤਟ ਉਤੇ ਅਤਿ ਜ਼ਰੂਰੀ ਚੜ੍ਹਾਈ ਦਾ ਸਾਰਾ ਪਲੈਨ ਹੀ ਖਤਰੇ ਵਿਚ ਪੈ ਜਾਵੇ। ਮੈਂ ਉਸ ਸਮੇਂ ਹੋਰ ਤਾਂ ਕੁਝ ਨਹੀਂ ਸੀ ਕਰ ਸਕਦਾ ਤੇ ਨਾ ਕੁਝ ਸੁਝਦਾ ਹੀ ਸੀ। ਸੋ ਮੈਂ ਆਪਣੇ ਤੰਬੂ ਵਿਚ ਵੜ ਗਿਆ। ਉਥੇ ਜਾ ਕੇ ਵਿਚਾਰਿਆ ਤੇ ਅਰਦਾਸ ਕੀਤੀ। ਆਪਣੀ ਬਣਾਈ ਹੋਈ ਵਿਸ਼ਾਲ ਜੰਗੀ ਯੋਜਨਾ ਤੇ ਵੀਚਾਰ ਕੀਤੀ ਤੇ ਫੇਰ ਪ੍ਰਮਾਤਮਾ ਕੋਲੋਂ ਫੈਸਲਾ ਕਰਨ ਵਿਚ ਅਗਵਾਈ ਲਈ ਮੰਗ ਕੀਤੀ। ਆਖ਼ਰ ਅੰਤ

www.AKJ.Org

ਫੈਸਲਾ ਕਰ ਹੀ ਦਿਤਾ ਕਿ ਪਹਿਲਾਂ ਬਣਾਈ ਸਕੀਮ ਅਨੁਸਾਰ ਹੀ ਹਵਾਈ ਹਮਲਾ ਕੀਤਾ ਜਾਵੇ। ਪ੍ਰਮਾਤਮਾ ਦੀ ਐਸੀ ਮੇਹਰ ਹੋਈ ਕਿ ਸਾਡੀ ਹਵਾਈ ਸੈਨਾ ਦੇ ਬਹੁਤ ਘਟ ਨੁਕਸਾਨ ਨਾਲ ਹੀ ਸਾਡੇ ਖ਼ਤਰਨਾਕ ਮਿਸ਼ਨ ਦੀ ਪੂਰਤੀ ਹੋ ਗਈ।

ਇਸ ਉਪ੍ਰੰਤ ਅਮਨ ਅਮਾਨ ਦੇ ਸਮੇਂ ਵਿਚ ਮੈਨੂੰ ਦੋ ਵਾਰੀ ਅਮਰੀਕਾ ਦੇ ਰਾਸ਼ਟਰਪਤੀ ਚੁਣੇ ਜਾਣ ਦਾ ਸੁਭਾਗ ਪ੍ਰਾਪਤ ਹੋਇਆ। ਉਸ ਸਮੇਂ ਵਿਚ ਮੈਂ ਇਹੋ ਯਤਨ ਕਰਦਾ ਰਿਹਾ ਕਿ ਸਰਕਾਰ ਤੇ ਇਸ ਦੇ ਸਾਰੇ ਕਰਮਚਾਰੀ ਈਮਾਨਦਾਰੀ ਤੇ ਇਖ਼ਲਾਕੀ ਅਸੂਲਾਂ ਉਤੇ ਪਕਿਆਈ ਨਾਲ ਕਾਇਮ ਰਹਿਣ। ਮੇਰਾ ਅਨੁਮਾਨ ਹੈ ਕਿ ਕਾਫ਼ੀ ਹੱਦ ਤਕ ਸਾਨੂੰ ਇਸ ਵਿਚ ਸਫ਼ਲਤਾ ਹੋਈ। ਰਾਸ਼ਟਰਪਤੀ ਚੁਣੇ ਜਾਣ ਉਪ੍ਰੰਤ ਆਪਣੇ ਉਦਘਾਟਨੀ ਭਾਸ਼ਨ ਅਰੰਭ ਕਰਨ ਤੋਂ ਪਹਿਲੇ ਮੈਂ, ਸਰਕਾਰੀ ਕਰਮਚਾਰੀਆਂ ਤੇ ਹੋਰ ਸਰੋਤਿਆਂ ਨੂੰ ਬੇਨਤੀ ਕੀਤੀ ਕਿ ਉਹ ਸਾਰੇ ਜਣੇ ਪ੍ਰਮਾਤਮਾ ਅਗੇ ਸਿਰ ਝੁਕਾਉਣ। ਫਿਰ ਮੈਂ ਉਹ ਅਰਦਾਸ ਪੜ੍ਹੀ ਜਿਹੜੀ ਮੈਂ ਉਸੇ ਦਿਨ ਸਵੇਰੇ ਲਿਖੀ ਸੀ: ਹੇ ਪ੍ਰਮਾਤਮਾ! ਅਸਾਡੀ ਤੇਰੇ ਅਗੇ ਅਰਦਾਸ ਹੈ ਕਿ ਸਾਨੂੰ ਸ਼ਕਤੀ ਬਖ਼ਸ਼ੋ ਜਿਸ ਸਦਕਾ ਸੱਚ ਨੂੰ ਝੂਠ ਤੋਂ ਨਿਖੇੜ ਸਕੀਏ ਅਤੇ ਇਸ ਤਰਾਂ ਇਸ ਸਚਾਈ ਦੇ ਆਸਰੇ ਤੇ ਦੇਸ਼ ਦੇ ਕਾਨੂੰਨ ਅਨੁਸਾਰ ਸਾਰੇ ਕਾਰਜ ਕਰ ਸਕੀਏ। ਸਾਡੀ ਖਾਸ ਹੋਰ ਬੇਨਤੀ ਇਹ ਹੈ ਕਿ ਅਸੀਂ ਸਾਰਿਆਂ ਮਨੁਖਾਂ ਦੀ ਸੇਵਾ ਕਰ ਸਕੀਏ ਭਾਵੇਂ ਉਹ ਕਿਸੇ ਵੀ ਹਸਤੀ ਦੇ ਮਾਲਕ ਹੋਣ, ਕਿਸੇ ਜਾਤੀ ਨਾਲ ਸਬੰਧ ਰਖਦੇ ਹੋਣ ਜਾਂ ਕਿਸੇ ਵੀ ਧੰਦੇ ਵਿਚ ਲਗੇ ਹੋਣ।' ਇਸ ਤੋਂ ਪਿਛੋਂ ਆਉਣ ਵਾਲੇ ਅੱਠਾਂ ਸਾਲਾਂ ਵਿਚ ਮੈਂ ਕਈ ਵੀ ਆਪਣੇ ਮੰਤਰੀ ਮੰਡਲ ਦੀ ਬੈਠਕ ਜਾਂ ਜ਼ਰੂਰੀ ਰਾਜਨੀਤਕ ਮਸਲੇ ਦਾ ਫ਼ੈਸਲਾ ਨਹੀਂ ਸਾਂ ਕਰਦਾ ਜਦ ਤਾਂਈ ਪਹਿਲੋਂ ਇਕ-ਮਿੰਟੀ ਚੁਪ ਅਰਦਾਸ ਨਹੀਂ ਸਾਂ ਕਰ ਲੈਂਦਾ। ਮੇਰੇ ਸਾਰੇ ਜੀਵਨ ਦੀ ਫ਼ੌਜੀ ਤੇ ਪਬਲਿਕ ਸੇਵਾ ਨੇ ਮੇਰੇ ਇਸ ਵਿਸ਼ਵਾਸ਼ ਨੂੰ ਪਕਿਆਂ ਕਰ ਦਿਤਾ ਹੈ ਕਿ ਮੈਂ ਤਨੋ ਮਨੋ ਉਨਾਂ ਹੀ ਧਾਰਮਕ ਰੁਚੀ ਵਾਲਾ ਹਾਂ ਜਿਨਾਂ ਕਿ ਕੋਈ ਹੋਰ ਮਨੁਸ਼ ਮੇਰੀ ਜਾਣਕਾਰੀ ਵਿਚ ਇਸ ਤਰਾਂ ਦਾ ਹੋਵੇ। ਕਿਸੇ ਵੀ ਰੱਬੀ ਵਿਸ਼ਵਾਸ਼-ਹੀਣ ਮਨੁਖ ਲਈ ਇਹ ਸੰਭਵ ਨਹੀਂ ਹੋ ਸਕਦਾ ਸੀ ਕਿ ਉਹ ਛੇ ਸਾਲਾਂ ਦੀ ਵਡੀ ਅੰਤਰ ਰਾਸ਼ਟਰੀ ਜੰਗ ਦੀਆਂ ਜ਼ਿਮੇਦਾਰੀਆਂ ਤੇ ਆਠ ਸਾਲ ਅਮਰੀਕਾ ਜਿਹੇ ਦੇਸ਼ ਦੀ ਰਾਸ਼ਟਰਪਤੀ ਦੀ ਸੇਵਾ ਨਿਭਾਹ ਸਕਦਾ।

ਜਦ ਮੈਂ ਆਪਣੀ ਪਿਛਲੀ ਲੰਬੀ ਆਯੂ ਅਤੇ ਉਸ ਵਿਚ ਵਾਪਰੇ ਕਈ ਨਾਜ਼ਕ ਸਮਿਆਂ ਤੇ ਨਜ਼ਰ ਮਾਰਦਾ ਹਾਂ ਤਾਂ ਮੈਂ ਮਹਿਸੂਸ ਕਰਦਾ ਹਾਂ ਇਹ ਅਟਲ ਧਾਰਮਕ ਵਿਸ਼ਵਾਸ਼ ਸਦਾ ਹੀ ਮੇਰੇ ਜੀਵਨ ਲਈ ਡੰਗੋਰੀ ਰੂਪ ਆਸਰਾ ਰਿਹਾ ਹੈ। ਜਦੋਂ ਅਸੀਂ ਐਬੀਲੀਨ (ਕੈਂਸਾਸ ਸਟੇਟ) ਵਿਚ ਰਹਿੰਦੇ ਸਾਂ ਤਾਂ ਮੈਂ ਦੇਖਦਾ ਕਿ ਮੇਰੀ ਮਾਤਾ ਤੇ ਵਧ ਤੋਂ ਵਧ ਖੇੜਾ ਜਾਂ ਪ੍ਰਸੰਨਤਾ ਉਦੋਂ ਹੁੰਦੀ ਸੀ ਜਦ ਉਹ ਅੰਜੀਲ ਪੜ ਰਹੀ ਹੁੰਦੀ ਸੀ। ਇਸੇ ਤਰਾਂ ਮੇਰੇ ਪਿਤਾ ਜੀ ਮੈਕੈਨੀਕਲ ਐਂਜੀਨੀਅਰ ਦੇ ਫ਼ਰਜ਼ਾਂ ਨੂੰ ਨਿਭਾਉਂਦੇ ਹੋਏ ਪੁਰਾਤਨ ਧਾਰਮਕ ਪੁਸਤਕਾਂ ਦਾ ਪਾਠ ਪੁਰਾਤਨ ਯੂਨਾਨੀ ਭਾਸ਼ਾ ਵਿਚ ਹੀ ਕਰਦੇ ਰਹਿੰਦੇ ਸਨ। ਇਨ੍ਹਾਂ ਦੁਹਾਂ ਗਲਾਂ ਨੇ ਮੇਰੇ ਵਿਚ ਇਸ ਇਕੋ ਇਕ ਸਚਾਈ ਨੂੰ ਮੁੜ ਮੁੜ ਦ੍ਰਿੜ ਕਰਵਾ ਦਿਤਾ: 'ਪ੍ਰਮਾਤਮਾ ਦਾ ਮਨੁਸ਼ੀ ਹਿਰਦੇ ਵਿਚ ਟਿਕਾਇਆ ਹੋਇਆ ਧਰਮ ਮਨੁਸ਼ ਦਾ ਇਕ ਕੁਦਰਤੀ ਤੇ ਜ਼ਰੂਰੀ ਅੰਗ ਹੈ।' ਜੰਗ ਤੇ ਅਮਨ ਦੋਹਾਂ ਵਿਚ ਹੀ ਕਿੰਨੀ ਹੀ ਵਾਰੀ ਮੈਂ ਇਸ ਅਟਲ ਸਚਾਈ ਨੂੰ ਬਾਰ ਬਾਰ ਪ੍ਰਤੱਖ ਦੇਖਿਆ ਤੇ ਅਜ਼ਮਾਇਆ ਹੈ।

ਏਸੇ ਤਰਾਂ ਹੀ ਪੂਰਨ ਤੀਬਰਤਾ ਨਾਲ ਮੇਰਾ ਇਹ ਯਕੀਨ ਹੈ ਕਿ ਅਮਰੀਕਾ ਦਾ ਮੁਢ ਬੰਨ੍ਹਣ ਵਾਲੇ ਸਾਡੇ ਵਡੇ ਪਿਤਾਮਾਵਾਂ ਦੀ ਸਫਲਤਾ ਵੀ ਇਸੇ ਈਸ਼੍ਵਰ ਵਿਸ਼ਵਾਸ਼ ਤੇ ਪਰੇਰਨਾ ਦਾ ਸਿਟਾ ਸੀ ਇਹ ਅਦਭੁਤ ਮਨੁਸ਼ ਵਾਸ਼ਿੰਗਟਨ, ਜੈਫ਼ਰਸਨ,

www.AKJ.Org

ਮੈਡੀਸਨ, ਹੈਮਿਲਟਨ, ਫ਼ਰੈਂਕਲਿਨ, ਪੇਨ, ਜੌਨ ਆਡਮਜ਼, ਹੈਂਕੌਕ ਤੇ ਪੈਟਰਿਕ ਹੈਨਰੀ ਤੇ ਹੋਰ ਅਨੇਕ—ਸਾਰੇ ਦੇ ਸਾਰੇ ਹੀ ਬੜੇ ਪਕੇ ਧਾਰਮਿਕ ਵਿਸ਼ਵਾਸ਼ ਵਾਲੇ ਮਾਨੁਸ਼ ਸਨ ਅਤੇ ਇਸੇ ਲਈ ਇਸ ਨਵੀਂ ਦੁਨੀਆਂ (ਭਾਵ ਅਮਰੀਕਾ) ਵਿਚ ਉਹ ਇਕ ਨਵੇਂ ਹੀ ਢੰਗ ਦੀ ਸਰਕਾਰ ਬਨਾਉਣ ਦਾ ਯਤਨ ਕਰਦੇ ਰਹੇ, ਉਹ ਇਸ ਕਾਰਜ ਵਿਚ ਸਫ਼ਲ ਇਸੇ ਲਈ ਹੋਏ ਕਿਉਂਕਿ ਉਨਾਂ ਨੇ ੧੭੭੦-੮੦ ਈ: ਵਾਲੇ ਨਾਜ਼ਕ ਦਹਾਕੇ ਵਿਚ ਜਦੋਂ ਕਿ ਉਹ ਇਸ ਤਰਾਂ ਦੇ ਵਿਚਾਰ ਤੇ ਫ਼ੈਸਲੇ ਕਰ ਰਹੇ ਸਨ, ਆਪਣਾ ਅੰਤਲਾ ਧਰੂਆਂ ਸਰਬ ਸ਼ਕਤੀਮਾਨ ਪ੍ਰਮਾਤਮਾ ਤੇ ਉਸਦੇ ਇਖਲਾਕੀ ਕਾਨੂੰਨ ਨੂੰ ਬਣਾਇਆ। ਸਾਡੀ ਕੌਮ ਅਜ ਵੀ ਧਾਰਮਿਕ ਕੌਮ ਹੈ ਕਿਉਂਕਿ ਅਸਾਡੇ ਅਜ਼ਾਦੀ ਦੇ ਐਲਾਨ (Declaration of Independence) ਦਾ ਅਧਾਰ ਸਾਡੇ ਇਨ੍ਹਾਂ ਵਡੇਰਿਆਂ ਨੇ ਕਾਨੂੰਨ ਕੁਦਰਤ ਤੇ ਕਾਦਰ ਪ੍ਰਮਾਤਮਾ ਦੀ ਸ਼ਕਤੀ ਨੂੰ ਹੀ ਬਣਾਇਆ ਅਤੇ ਹੋਰ ਇਸ ਲਈ ਵੀ ਕਿ ਉਨ੍ਹਾਂ ਨੇ ਸਾਰੀ ਦੁਨੀਆਂ ਦੇ ਸਾਹਮਣੇ ਇਹ ਸਿਧ ਸਚਾਈਆਂ ਪ੍ਰਗਟ ਪਹਾਰੇ ਪ੍ਰਕਾਸ਼ਤ ਕਰ ਦਿਤੀਆਂ ਕਿ 'ਸਾਰੇ ਮਨੁਸ਼ ਇਕ ਸਮਾਨ ਹਨ ਤੇ ਕਰਤੇ ਨੇ ਉਨਾਂ ਨੂੰ ਕਈ ਇਕ ਬੁਨਿਆਦੀ ਹੱਕ ਦਿਤੇ ਹਨ ਜਿਸਤਰਾਂ ਕਿ ਜੀਣ ਦਾ ਹੱਕ, ਆਜ਼ਾਦੀ ਦਾ ਹੱਕ ਅਤੇ ਖੁਸ਼ੀ ਪ੍ਰਾਪਤੀ ਦੇ ਯਤਨ ਦਾ ਹੱਕ।'

ਜੀਵਨ ਦੀ ਇਸ ਪਵਿਤ੍ਰਤਾ ਦੇ ਖਿਆਲ ਦੇ ਉਲਟ ਅੱਜ ਦੇ ਨਾਸਤਿਕ ਡਿਕਟੇਟਰ, ਆਮ ਮਨੁਸ਼ਾਂ ਨੂੰ ਜਾਨਵਰ ਜਾਂ ਵਧ ਤੋਂ ਵਧ ਪੜੇ ਲਿਖੇ ਖੱਚਰ ਹੀ ਸਮਝਦੇ ਹਨ। ਕਿੰਨੇ ਹੀ ਮਾਦਾ ਪ੍ਰਸਤ ਮਨੋਵਿਗਿਆਨੀ ਤੇ 'ਤੂੰ ਕੌਣ-ਮੈਂ ਖਾਹ-ਮਖਾਹ' ਪ੍ਰੋਫੈਸਰ ਇਹ ਤਾਅਨੇ ਮਾਰਦੇ ਦੇਖੇ ਹਨ ਕਿ ਮਨੁਖੀ ਮਨ ਨੇ ਆਪਣੀ ਬਚਪਨੀ ਸੂਝ ਸਦਕਾ, ਆਪਣੀ ਰਾਖੀ ਦੀ ਤਸੱਲੀ ਲਈ ਪ੍ਰਮਾਤਮਾ ਨੂੰ ਘੜ ਲਿਆ ਹੈ। ਪਰ ਨਾਲ ਹੀ ਮੈਂ ਇਨ੍ਹਾਂ ਹੀ ਬੰਦਿਆਂ ਨੂੰ ਕਿਸੇ ਔਕੜ ਜਾਂ ਅੰਤ ਸਮੇਂ ਮਨ ਦੀ ਤਸਲੀ ਤੇ ਹੌਂਸਲੇ ਲਈ ਕਿਸੇ ਵਡੀ ਤੇ ਗ਼ੈਬੀ ਸ਼ਕਤੀ ਦਾ ਆਸਰਾ ਢੂੰਡਦਿਆਂ ਵੀ ਤਕਿਆ ਹੈ। ਸੋ ਮੇਰਾ ਇਹ ਵਿਸ਼ਵਾਸ਼ ਹੈ ਕਿ ਕੋਈ ਐਸਾ ਮਸਲਾ ਨਹੀਂ ਜਿਸ ਨੂੰ ਅਮਰੀਕਨ ਲੋਗ, ਆਪਣੇ ਰੱਬੀ ਵਿਸ਼ਵਾਸ਼, ਆਜ਼ਾਦੀ ਨਾਲ ਪਿਆਰ, ਸੂਝ ਬੂਝ ਅਤੇ ਸਾਹਸ ਦੁਆਰਾ ਨਜਿਠ ਨਾ ਸਕਣ।

ਇਸ ਲਈ ਮੈਨੂੰ ਅਮਿਟ ਆਸ ਸਹਿਤ ਇਹ ਖਾਸ ਪਸੰਦ ਲਾਈਨਾਂ ਯਾਦ ਆਉਂਦੀਆਂ ਹਨ—

'ਪ੍ਰਮਾਤਮਾਂ ਦੇ ਆਸਰੇ ਬਿਹੂਨ ਬਣਾਏ ਮਕਾਨ ਵਿਚ ਲਾਇਆ ਸਾਰਾ ਤਾਣ ਅਜਾਈਂ ਜਾਂਦਾ ਹੈ। ਪ੍ਰਮਾਤਮਾ ਦੇ ਆਸਰੇ ਬਿਹੂਨ ਸ਼ੈਹਰ ਦੇ ਰਾਖੇ ਜਾਗਦੇ ਵੀ ਰਹਿਣ ਤਾਂ ਵੀ ਰਾਖੀ ਨਹੀਂ ਹੋ ਸਕਦੀ।'

("Except the Lord. build the house, they labour in vain that built except the Lord keep the city. the watchman waketh but in vain.")

---

## ਸਾਲਾਨਾ ਕੀਰਤਨ ਸਮਾਗਮ ਅੰਬਾਲਾ ਛਾਉਣੀ

ਸਰਬੱਤ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਹਰ ਸਾਲ ਦੀ ਤਰ੍ਹਾਂ ਨਿਰਬਾਨ ਕੀਰਤਨੀ ਜਥਾ ਅੰਬਾਲਾ ਛਾਉਣੀ ਵਲੋਂ ਅਖੰਡ ਕੀਰਤਨ ਦੇ ਅਦੁਤੀ ਸਮਾਗਮ 14,15, 16 ਅਗਸਤ 1969 ਨੂੰ ਹੋਣੇ ਨੀਅਤ ਹੋਏ ਹਨ। ਵੇਰਵੇ ਸਹਿਤ ਪੂਰਾ ਪ੍ਰੋਗਰਾਮ ਮਹੀਨਾ ਜੁਲਾਈ ਦੇ ਸੂਰਾ ਵਿਚ ਦਿਤਾ ਜਾਵੇਗਾ।

ਨਿਰਬਾਣ ਕੀਰਤਨੀ ਜਥਾ, ਅੰਬਾਲਾ ਛਾਉਣੀ


www.AKJ.Org

# * ਸਿੰਘਾਂ ਨੂੰ ਅਪੀਲ *

[ ਸ੍ਰੀ ਗੁਰੂ ਨਾਨਕ ਦੇਵ ਜੀ ਦੇ 500 ਸਾਲਾ ਜਨਮ ਉਤਸਵ ਸਬੰਧੀ ਇਕ ਪਾਠਕ ਵਲੋਂ ਕੁਝ ਸੁਝਾਉ ਪੁਜੇ ਹਨ, ਪਾਠਕਾਂ ਦੀ ਗਿਆਤ ਲਈ ਹੂਬਹੂ ਹੇਠਾਂ ਛਾਪ ਰਹੇ ਹਾ। ਸੋ ਕੀਰਤਨੀ ਜਥਿਆਂ ਨੂੰ ਚਾਹੀਦਾ ਹੈ ਕਿ ਇਸਨੂੰ ਚੰਗੀ ਤਰ੍ਹਾਂ ਵਿਚਾਰ ਕੇ ਸ਼ੀਘਰ ਹੀ ਸੰਗਤਾਂ ਅਗੇ ਕੀਰਤਨ ਪ੍ਰੋਗਰਾਮ ਰਖ ਕੇ ਗੁਰੂ ਨਾਨਕ ਸਾਹਿਬ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਨ। ਇਹ ਪ੍ਰੋਗਰਾਮ ਛਾਪਣ ਹਿਤ 20 ਜੂਨ ਤਕ ਦਫ਼ਤਰ ਸੂਰਾ ਵਿਚ ਪੁਜਣੇ ਜ਼ਰੂਰੀ ਹਨ।
— ਸੰਪਾਦਕ ]

ਵਾਹਿਗੁਰੂ ਜੀ ਕਾ ਖਾਲਸਾ।
ਵਾਹਿਗੁਰੂ ਜੀ ਕੀ ਫ਼ਤਹ॥

ਪ੍ਰੇਮ ਸਤਿਕਾਰ ਯੋਗ ਗੁਰੂ ਸਵਾਰੇ ਗੁਰਮੁਖ ਪਿਆਰੇ ਸੰਪਾਦਿਕ ਜੀਓ,

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੀ ੫੦੦ ਵੀਂ ਵਰੇ ਗੰਢ ਸਿਰ ਤੇ ਆ ਰਹੀ ਹੈ ਪਰ ਅਜੇ ਤਕ ਅਖੰਡ ਕੀਰਤਨੀ ਜਥੇ ਵਲੋਂ ਸਮੂਚੇ ਤੌਰ ਤੇ ਫੈਸਲਾ ਨਹੀਂ ਹੋ ਸਕਿਆ ਕਿ ਇਹ ਪੁਰਬ ਕਿਵੇਂ ਤੇ ਕਿਸ ਤਰਾਂ ਮਨਾਇਆ ਜਾਣਾ ਹੈ, ਕਿਤੇ ਇਹ ਹੀ ਨ ਹੋਵੇ ਕਿ ਗੁਰੂ ਗੋਬਿੰਦ ਸਿੰਘ ਜੀ ਦੀ ੩੦੦ਵੀਂ ਵਰੇਗਢ ਵਾਂਗ ਹੀ ਇਹ ਵੀ ਹਰ ਸਾਲ ਵਾਂਗ ਹੀ ਮਨਾਇਆ ਜਾਵੇ। ਨ ਵੀਰ ਜੀ ਇੰਜ ਨ ਕਰਨਾ। ਕਲਜੁਗੀ ਜੀਵ ਭਾਗਾਂ ਵਾਲੇ ਹਨ। ਜਿਨਾਂਨੂੰ ਉਨਾਂ ਦੀ ੫੦੦ਵੀਂ ਵਰੇਗੰਢ ਮਨਾਉਣ ਦਾ ਅਵਸਰ ਮਿਲ ਰਿਹਾ ਹੈ। ਸੋ ਮੈਂ ਨਿਮ੍ਰਤਾ ਸਹਿਤ ਬੇਨਤੀ ਕਰਦਾ ਹਾਂ। ਕਿ ਪੰਜਾਬ ਦੇ ਸਮੂਚੇ ਅਖੰਡ ਕੀਰਤਨੀ ਜਥੇ ਨੂੰ ਮਹੀਨੇ ਵਿਚ ਇਕ ਅਖੰਡ ਪਾਠ ਤੇ ਇਕ ਰੈਣ ਸਬਾਈ ਸਮਾਗਮ ਜੁੜ ਮਿਲ ਕੇ ਕੁਝ ਜ਼ਿਲਿਆਂ ਵਿਚ ਕਰਨਾ ਚਾਹੀਦਾ ਹੈ। ਜੋ ਕਿ ਪਹਿਲਾ ਸਮਾਗਮ ਜੁਲਾਈ ਵਿਚ ਨਿਸਚਿਤ ਹੋ ਜਾਣਾ ਚਾਹੀਦਾ ਹੈ। ਇਹ ਪ੍ਰੋਗਰਾਮ ਅਕਤੂਬਰ ਤਕ ਚਲਦਾ ਰਹਿਣਾ ਚਾਹੀਦਾ ਹੈ, ਭਾਵ ਅਕਤੂਬਰ ਤਕ ਚਾਰ ਅਖੰਡ ਪਾਠ ਸਾਹਿਬ ਤੇ ਚਾਰ ਰੈਣ ਸਬਾਈ ਕੀਰਤਨ ਹੋ ਜਾਣਗੇ। ਅਖੀਰਲਾ ਜਨਰਲ ਸਮਾਗਮ ਜਲੰਧਰ ਹੀ ਹੋਵੇ। ਤੇ ਜਨਮ ਦਿਹਾੜੇ ਤੋਂ ਪਹਿਲੇ ਇਕ ਅਖੰਡ ਪਾਠ ਸਾਹਿਬ ਤੇ ਇਕ ਰੈਣ ਸਬਾਈ ਕੀਰਤਨ ਸੁਲਤਾਨਪੁਰ ਹੋਣੀ ਜ਼ਰੂਰੀ ਹੈ ਜਿਥੇ ਕਿ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ੧੪ ਸਾਲ ਗੁਜ਼ਾਰੇ ਹਨ। ਤੇ ਮੂਲ ਮੰਤਰ ਉਥੇ ਹੀ ਉਚਾਰਨ ਕੀਤਾ ਹੈ।

ਸੋ ਇਸ ਥਾਂ ਤੇ ਜਲੰਧਰ ਤੋਂ ਪਹਿਲਾਂ ਸਮਾਗਮ ਹੋਣਾ ਅਤੀ ਜ਼ਰੂਰੀ ਹੈ ਇਨੇ ਚਿਰ ਲਈ ਲੋਕਲ ਪ੍ਰੋਗਰਾਮ ਬੇਸ਼ਕ ਢਿੱਲੇ ਪਾ ਲਏ ਜਾਣ ਤੇ ਹਰ ਮਹੀਨੇ ਇਕ ਸਮਾਗਮ ਜ਼ਰੂਰ ਹੋਣਾ ਚਾਹੀਦਾ ਹੈ। ਜਥੇ ਦੇ ਉਘੇ ਸਿੰਘਾਂ ਨੂੰ ਮਿਲ ਕੇ ਇਹ ਛੇਤੀ ਵਿਚਾਰ ਕਰਕੇ ਵਹੀਰ ਚਲਾ ਦੇਣੀ ਚਾਹੀਦੀ ਹੈ। ਤਾਕਿ ਇਸ ਜਥੇ ਵਲੋਂ ਕੋਈ ਘਾਟ ਨ ਰਹਿ ਜਾਵੇ ਤੇ ਹਰ ਸਮਾਗਮ ਤੇ ਅੰਮ੍ਰਿਤ ਸੰਚਾਰ


www.AKJ.Org

ਪਰੋਗਰਾਮ ਵੀ ਚਾਹੀਦਾ ਹੈ; ਹਰ ਕੀਰਤਨੀਆ ਸਮਾਗਮ ਤੇ ਪਹੁੰਚਨਾ ਆਪਣਾ ਫ਼ਰਜ਼ ਸਮਝੇ ਭਾਵੇਂ ਛੁਟੀ ਕਿਵੇਂ ਲੈਣ। ਤੇ ਹਰ ਪੰਜਾਬ ਦਾ ਸਿੰਘ ਅਵੱਸ਼ ਸਮਾਗਮ ਵਿਚ ਪੁਜੇ। ਪੰਜਾਬ ਤੋਂ ਬਾਹਰਲੇ ਸਿੰਘਾਂ ਨੂੰ ਕੇਵਲ ਸੁਲਤਾਨਪੁਰ ਤੇ ਜਲੰਧਰ ਹੀ ਆਉਣ ਦੀ ਖੇਚਲ ਦਿਤੀ ਜਾਣੀ ਚਾਹੀਦੀ ਹੈ। ਉਹ ਆਪਣੇ ਆਪ ਭਾਵੇਂ ਜਿਥੇ ਮਰਜ਼ੀ ਪਹੁੰਚਨ ਦੋਇ ਕਰ ਜੋੜ ਬੇਨਤੀ ਕਰਦਾ ਹਾਂ ਕਿ ਹੇਠ ਲਿਖੇ ਥਾਵਾਂ ਤੇ ਸੈਂਟਰਲ ਸਮਾਗਮ ਕਦੇ ਨਹੀਂ ਹੋਏ, ਤੇ ਨਾਲੇ ਯਾਤਰਾ ਵੀ ਹੋ ਜਾਂਦੀ ਹੈ। ਸੋ ਦਾਸ ਦਲੀਲ ਦਿੰਦਾ ਹੈ ਫੈਸਲਾ ਤਾਂ ਸੰਗਤ ਨੇ ਥਾਵਾਂ ਦਾ ਕਰਨਾ ਹੈ।

1. ਪਹਿਲਾ ਸਮਾਗਮ ਸ੍ਰੀ ਅਨੰਦਪੁਰ ਸਾਹਿਬ
   ਜੁਲਾਈ ਮਹੀਨਾ
2. ਦੂਜਾ ਸਮਾਗਮ ਅੰਬਾਲਾ ਛਾਉਣੀ
   ਅਗਸਤ ਮਹੀਨਾ
8. ਤੀਸਰਾ ਸਮਾਗਮ ਸ੍ਰੀ ਅੰਮ੍ਰਿਤਸਰ ਸਾਹਿਬ
   ਸਤੰਬਰ ਮਹੀਨਾ
4. ਚੌਥਾ ਸਮਾਗਮ ਸ੍ਰੀ ਸੁਲਤਾਨਪੁਰ ਲੋਧੀ
   ਅਕਤੂਬਰ ਮਹੀਨਾ
5. ਪੰਜਵਾਂ ਸਮਾਗਮ ਸੈਂਟਰਲ ਸਮਾਗਮ, ਜਲੰਧਰ
   ਨਵੰਬਰ ਮਹੀਨਾ

ਇਸ ਤਰ੍ਹਾਂ ਨਾਲ ਯਾਤਰਾ ਵੀ ਹੋ ਜਾਂਦੀ ਹੈ, ਪਰਚਾਰ ਵੀ ਹੋ ਜਾਂਦਾ ਹੈ, ਤੇ ਸਮਾਗਮ ਵੀ ਹੋ ਜਾਂਦੇ ਹਨ। ਇਹ ਪਰੋਗਰਾਮ ਪੂਰਾ ਪੂਰਾ ਬਣਾ ਕੇ ਇਕ ਵਾਰੀ ਪੰਜਾਬੀ ਦੀਆਂ ਮੁਖੀ ਅਖਬਾਰਾਂ ਨੂੰ ਵੀ ਦੇਣੇ ਚਾਹੀਦੇ ਹਨ ਤਾ ਕਿ ਸਾਰੇ ਸਿੰਘ ਇਸ ਤੋਂ ਜਾਣੂ ਹੋ ਸਕਣ ਤੇ ਲਾਹਾ ਉਠਾ ਸਕਣ। ਤੇ ਸੂਰਾ ਰਾਹੀਂ ਇਹ ਪ੍ਰੇਰਨਾ ਵੀ ਕੀਤੀ ਜਾਵੇ। ਕਿ ਹਰ ਸਮਾਗਮ ਵਿਚ ਹਰ ਕੀਰਤਨੀਆ ਤੇ ਹਰ ਸਿੰਘ ਪਹੁੰਚਨਾ ਆਪਣਾ ਮੁਖ ਫਰਜ਼ ਸਮਝੇ ਤੇ ਜ਼ਰੂਰ ਪੁਜੇ ਤੇ ਇਨ੍ਹਾਂ ਸਮਾਗਮਾਂ ਦੇ ਪ੍ਰਬੰਧ ਲਈ ਸਿੰਘ ਖੁਦ ਹਿੰਮਤ ਕਰਨ ਤੇ ਸਾਰੇ ਪੰਜਾਬ ਦੇ ਸਿੰਘ ਰਲ ਮਿਲ ਇਨਾਂ ਪੰਜਾਂ ਸਮਾਗਮਾਂ ਦਾ ਖੁਦ ਪ੍ਰਬੰਧ ਕਰਨ। ਇਹ ਪਰੋਗਰਾਮ ਸ਼ੁਰੂ ਕਰਨ ਲਈ ਤੁਸੀਂ ਆਪਣੇ ਸੂਰਾ ਦੀ ਕਮੇਟੀ ਦੀ ਮੀਟਿੰਗ ਸਦੋ ਕਿ ਪ੍ਰਵਾਨਗੀ ਲੈ ਕੇ ਥਾਵਾਂ ਨੀਯਤ ਕਰਕੇ ਪ੍ਰੋਗਰਾਮ ਛਾਪ ਦਿਉ। ਇਹ ਪਰੋਗਰਾਮ ਅਵਲ ਤਾਂ ਜੂਨ ਦੇ ਪਰਚੇ ਵਿਚ ਜ਼ਰੂਰ ਆਉਣਾ ਚਾਹੀਦਾ ਹੈ, ਨਹੀਂ ਤਾਂ ਜੁਲਾਈ ਦੀ ੫ ਤਾਰੀਖ ਤਕ ਹਰ ਸਿੰਘ ਪਾਸ ਇਹ ਪਰੋਗਰਾਮ ਪਹੁੰਚ ਜਾਣਾ ਚਾਹੀਦੀ ਹੈ, ਤੇ ਜੁਲਾਈ ਦਾ ਸਮਾਗਮ ਵਧ ਚੜ੍ਹ ਕੇ ਮਨਾਉਣਾ ਚਾਹੀਦਾ ਹੈ।

ਨੋਟ:—ਦਿੱਲੀ ਦੁਸਹਿਰੇ ਦਾ ਸਮਾਗਮ ਇਨਾਂ ਤੋਂ ਅਡ ਹੋਣਾ ਚਾਹੀਦਾ ਹੈ। ਕਿਉਂਕਿ ਉਹ ਹਰ ਸਾਲ ਹੀ ਹੁੰਦਾ ਹੈ। ਉਹ ਇਨਾਂ ਪੰਜਾਂ ਵਿਚ ਨਹੀਂ ਗਿਣਨਾ ਚਾਹੀਦਾ।

ਸੰਗਤ ਦੇ ਚਰਨਾਂ ਦਾ ਦਾਸ
ਇਕ ਪਾਠਕ ਸੂਰਾ
ਕਪੂਰਥਲਾ



www.AKJ.Org

# ਮੇਰੇ ਭਾਈ ਜਨੋ ! ਜਾਗੋ !!

ਨਿਰੰਕਾਰੀ ਗੁਰੂ ਇਹ ਪ੍ਰਚਾਰ ਕਰਦਾ ਫਿਰਦਾ ਹੈ ਕਿ **'ਮੇਰਾ ਮਨ ਲੋਚੈ ਗੁਰ ਦਰਸਨ ਤਾਈ'** ਵਾਲਾ ਸ਼ਬਦ ਕਚੀ ਬਾਣੀ ਹੈ, ਕਿਉਂਕਿ ਗੁਰੂ ਅਰਜਨ ਦੇਵ ਜੀ ਨੇ ਇਹ ਸ਼ਬਦ ਗੁਰ-ਗੱਦੀ ਉਤੇ ਬੈਠਣ ਤੋਂ ਪਹਿਲਾਂ ਚਿਠੀਆਂ ਦੇ ਰੂਪ ਵਿਚ ਉਚਾਰਿਆ ਸੀ। ਅਜਿਹਾ ਦੰਭੀ ਪ੍ਰਚਾਰ ਹੀ ਕਈ ਨਾਮਧਾਰੀ ਵੀਰ ਵੀ ਕਰਦੇ ਹਨ। ਪਰ **ਸੱਚੇ ਸਤਿਗੁਰੂ ਦੇ ਸਚਿਆਰ ਜਨ ਸਿਖੋ, ਅਜਿਹੇ ਝੂਠੇ ਤੇ ਕਚਘਰੜ ਪ੍ਰਚਾਰ ਤੋਂ ਬਚੋ, ਕਿਉਂਕਿ ਇਹਨਾਂ ਕੱਚੇ ਤੇ ਕਲਜੁਗੀ ਗੁਰੂਆਂ ਦੇ ਪ੍ਰਚਾਰ ਦਾ ਮੰਤਵ ਕੇਵਲ ਇਹ ਹੈ ਕਿ**

੧. ਲੋਕ ਗੁਰਬਾਣੀ ਦੇ ਬੋਹਿਥ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਆਸਰਾ ਨਾ ਲੈਣ।

੨. ਲੋਕ ਸਾਡੀ ਦੇਹਧਾਰੀ ਗੁਰੂਆਂ ਦੀ ਪੂਜਾ ਕਰਨ।

੩. ਲੋਕ ਮਾਇਆ ਦੇ ਖੁਲ੍ਹੇ ਗਫੇ ਸਾਨੂੰ ਦੇਣ।

੪. ਲੋਕ ਸੱਚ ਦਾ ਮਾਰਗ 'ਗਾਡੀ ਰਾਹ' ਛਡ ਕੇ ਕੁਰਾਹੇ ਭਟਕਦੇ ਫਿਰਨ। ਇਸ ਵਾਸਤੇ ਪਿਆਰਿਓ !

ਜਾਗੋ ! ਜਾਗੋ !! ਜਾਗੋ !!!

www.AKJ.Org